# ਤ੍ਰਿਮੰਤਰ





ਦਾਦਾ ਭਗਵਾਨ ਪ੍ਰਰੂਪਿਤ

Punjabi

ਦਾਦਾ ਭਗਵਾਨ ਪ੍ਰਰੂਪਿਤ

# ਤ੍ਰਿਮੰਤਰ

ਮੂਲ ਗੁਜਰਾਤੀ ਸੰਕਲਨ : ਡਾ. ਨੀਰੂਭੈਣ ਅਮੀਨ
ਅਨੁਵਾਦ : ਮਹਾਤਮਾਗਣ

ਪ੍ਰਕਾਸ਼ਕ: ਸ਼੍ਰੀ ਅਜੀਤ ਸੀ.ਪਟੇਲ
ਦਾਦਾ ਭਗਵਾਨ ਅਰਾਧਨਾ ਟ੍ਰਸਟ,
'ਦਾਦਾ ਦਰਸ਼ਨ', 5, ਮਮਤਾਪਾਰਕ ਸੁਸਾਇਟੀ,
ਨਵਗੁਜਰਾਤ ਕਾਲਜ ਦੇ ਪਿੱਛੇ,
ਉਸਮਾਨਪੁਰਾ, ਅਹਿਮਦਾਬਾਦ- 380014, ਗੁਜਰਾਤ।
ਫੋਨ: (079) 39830100

© All Rights reserved – Deepakbhai Desai
Trimandir, Simandhar City,
Ahmedabad-Kalol Highway, Post – Adalaj,
Dist-Gandhinagar- 38242, Gujarat, India.
*No part of this book may be used or reproduced in any manner whatsoever without written permission from the holder of the copyright*

ਪਹਿਲਾ ਸੰਸਕਰਣ : ਕਾਪੀਆਂ 1,000 ਨਵੰਬਰ, 2019

**ਭਾਵ ਮੁੱਲ : 'ਪਰਮ ਵਿਨੈ' ਅਤੇ**
**'ਮੈਂ ਕੁੱਝ ਵੀ ਨਹੀਂ ਜਾਣਦਾ', ਇਹ ਭਾਵ!**

ਦ੍ਰਵ ਮੁੱਲ : 25 ਰੁਪਏ

| | | |
|---|---|---|
| ਮੁਦ੍ਰਕ : | ਅੰਬਾ ਆਫਸੈੱਟ | Amba Offset |
| | B – 99, ਇਲੈਕਟ੍ਰੌਨੀਕਸ GIDC | B – 99, Electronics GIDC |
| | ਕ – 6 ਰੋਡ, ਸੈਕਟਰ – 25 | K – 6 Road, Sector – 25 |
| | ਗਾਂਧੀਨਗਰ – 382044 | Gandhinagar – 382044 |
| | ਫੋਨ: (079) 39830341 | Phone : (079) 39830341 |

# ਤ੍ਰਿਮੰਤਰ






ਨਮੋ ਵੀਤਰਾਗਾਯ

ਨਮੋ ਅਰਿਹੰਤਾਣਮ

ਨਮੋ ਸਿੱਧਾਣਮ

ਨਮੋ ਆਯਰਿਯਾਣਮ

ਨਮੋ ਉਵਝਾਯਾਣਮ

ਨਮੋ ਲੋਏ ਸਵ੍ਵ ਸਾਹੂਣੰਮ

ਐਸੋ ਪੰਚ ਨੰਮੁਕਾਰੋ ਸਵ੍ਵ ਪਾਵਪਣਾਸਣੋ

ਮੰਗਲਾਣਮ 'ਚ ਸਵ੍ਵੇਸਿਮ


ਪੜ੍ਹਮੰ ਹਵਈ ਮੰਗਲਮ!! (1)

ਓਮ ਨਮੋ ਭਗਵਤੇ ਵਾਸੂਦੇਵਾਯ!! (2)

ਓਮ ਨਮ: ਸ਼ਿਵਾਯ!! (3)

ਜੈ ਸੱਚਿਦਾਨੰਦ





# 'ਦਾਦਾ ਭਗਵਾਨ' ਕੌਣ ?

ਜੂਨ 1958 ਦੀ ਇੱਕ ਸ਼ਾਮ ਦਾ ਕਰੀਬ 6 ਵਜੇ ਦਾ ਸਮਾਂ, ਭੀੜ ਨਾਲ ਭਰਿਆ ਸੂਰਤ ਸ਼ਹਿਰ ਦਾ ਰੇਲਵੇ ਸਟੇਸ਼ਨ, ਪਲੇਟਫਾਰਮ ਨੰ: 3 ਦੇ ਬੈਂਚ ਤੇ ਬੈਠੇ ਸ਼੍ਰੀ ਅੰਬਾਲਾਲ ਮੂਲਜੀ ਭਾਈ ਪਟੇਲ ਰੂਪੀ ਦੇਹਮੰਦਰ ਵਿੱਚ ਕੁਦਰਤੀ ਰੂਪ ਨਾਲ, ਅਕ੍ਰਮ ਰੂਪ ਵਿੱਚ, ਕਈ ਜਨਮਾਂ ਤੋਂ ਪ੍ਰਗਟ ਹੋਣ ਲਈ ਵਿਆਕੁਲ 'ਦਾਦਾ ਭਗਵਾਨ' ਪੂਰਨ ਰੂਪ ਵਿੱਚ ਪ੍ਰਗਟ ਹੋਏ। ਅਤੇ ਕੁਦਰਤ ਨੇ ਸਿਰਜਿਆ ਅਧਿਆਤਮ ਦਾ ਅਦਭੁਤ ਅਚੰਬਾ। ਇੱਕ ਹੀ ਘੰਟੇ ਵਿੱਚ ਉਹਨਾਂ ਨੂੰ ਵਿਸ਼ਵ ਦਰਸ਼ਨ ਹੋਇਆ। 'ਮੈਂ ਕੌਣ? ਭਗਵਾਨ ਕੌਣ? ਜਗਤ ਕੌਣ ਚਲਾਉਂਦਾ ਹੈ? ਕਰਮ ਕੀ ਹਨ? ਮੁਕਤੀ ਕੀ ਹੈ? ਆਦਿ ਜਗਤ ਦੇ ਸਾਰੇ ਅਧਿਆਤਮਿਕ ਪ੍ਰਸ਼ਨਾਂ ਦਾ ਪੂਰਾ ਰਹੱਸ ਪ੍ਰਗਟ ਹੋਇਆ। ਇਸ ਤਰ੍ਹਾਂ ਕੁਦਰਤ ਨੇ ਵਿਸ਼ਵ ਦੇ ਸਾਹਮਣੇ ਇੱਕ ਅਦੁੱਤੀ ਪੂਰਨ ਦਰਸ਼ਨ ਪੇਸ਼ ਕੀਤਾ ਅਤੇ ਉਸਦੇ ਮਾਧਿਅਮ ਬਣੇ ਸ਼੍ਰੀ ਅੰਬਾਲਾਲ ਮੂਲਜੀ ਭਾਈ ਪਟੇਲ, ਗੁਜਰਾਤ ਦੇ ਚਰੋਤਰ ਖੇਤਰ ਦੇ ਭਾਦਰਣ ਪਿੰਡ ਦੇ ਪੱਟੀਦਾਰ, ਕੰਟਰੈਕਟ ਦਾ ਧੰਦਾ ਕਰਨਵਾਲੇ, ਫਿਰ ਵੀ ਪੂਰਨ ਰੂਪ ਵਿੱਚ ਵੀਤਰਾਗ ਪੁਰਖ!

ਉਹਨਾਂ ਨੂੰ ਪ੍ਰਾਪਤੀ ਹੋਈ, ਉਸੇ ਤਰ੍ਹਾਂ ਕੇਵਲ ਦੋ ਹੀ ਘੰਟਿਆਂ ਵਿੱਚ ਹੋਰ ਯਾਜਕ ਜਨਾਂ (ਮੁਮੁਕਸ਼ੁ) ਨੂੰ ਵੀ ਉਹ ਆਤਮਗਿਆਨ ਦੀ ਪ੍ਰਾਪਤੀ ਕਰਵਾਉਂਦੇ ਸਨ, ਉਹਨਾਂ ਦੇ ਅਦਭੁਤ ਸਿੱਧ ਹੋਏ ਗਿਆਨ ਪ੍ਰਯੋਗ ਨਾਲ। ਉਸ ਨੂੰ ਅਕ੍ਰਮ ਮਾਰਗ ਕਿਹਾ। ਅਕ੍ਰਮ, ਭਾਵ ਬਿਨਾਂ ਕ੍ਰਮ ਦੇ, ਅਤੇ ਕ੍ਰਮ ਭਾਵ ਇੱਕ-ਇੱਕ ਪੌੜੀ, ਕ੍ਰਮ ਅਨੁਸਾਰ ਉੱਪਰ ਚੜਨਾ। ਅਕ੍ਰਮ ਭਾਵ ਲਿਫ਼ਟ ਮਾਰਗ, ਸ਼ਾਰਟ ਕੱਟ।

ਉਹ ਖੁਦ ਹਰ ਇੱਕ ਨੂੰ 'ਦਾਦਾ ਭਗਵਾਨ ਕੌਣ?' ਦਾ ਰਹੱਸ ਦੱਸਦੇ ਹੋਏ ਕਹਿੰਦੇ ਸਨ ਕਿ "ਇਹ ਜੋ ਤੁਹਾਨੂੰ ਦਿਖਦੇ ਹਨ ਇਹ ਦਾਦਾ ਭਗਵਾਨ ਨਹੀਂ ਹਨ, ਇਹ ਤਾਂ 'ਏ.ਐਮ.ਪਟੇਲ' ਹਨ। ਅਸੀਂ ਗਿਆਨੀ ਪੁਰਖ ਹਾਂ ਅਤੇ ਅੰਦਰ ਜੋ ਪ੍ਰਗਟ ਹੋਏ ਹਨ, ਉਹ 'ਦਾਦਾ ਭਗਵਾਨ' ਹਨ। ਦਾਦਾ ਭਗਵਾਨ ਤਾਂ ਚੌਦਾਂ ਲੋਕ ਦੇ ਨਾਥ ਹਨ। ਉਹ ਤੁਹਾਡੇ ਵਿੱਚ ਵੀ ਹਨ, ਸਾਰਿਆਂ ਵਿੱਚ ਹਨ। ਤੁਹਾਡੇ ਵਿੱਚ ਅਵਿਅਕਤ, ਅਪ੍ਰਗਟ ਰੂਪ ਵਿੱਚ ਹਨ ਅਤੇ 'ਇੱਥੇ' ਸਾਡੇ ਅੰਦਰ ਸੰਪੂਰਨ ਰੂਪ ਵਿੱਚ ਪ੍ਰਗਟ ਹੋਏ ਹਨ। ਦਾਦਾ ਭਗਵਾਨ ਨੂੰ ਮੈਂ ਵੀ ਨਮਸਕਾਰ ਕਰਦਾ ਹਾਂ।"

'ਵਪਾਰ ਵਿੱਚ ਧਰਮ ਹੋਣਾ ਚਾਹੀਦਾ ਹੈ, ਧਰਮ ਵਿੱਚ ਵਪਾਰ ਨਹੀ', ਇਸ ਸਿਧਾਂਤ ਨਾਲ ਉਹਨਾਂ ਨੇ ਪੂਰਾ ਜੀਵਨ ਬਤੀਤ ਕੀਤਾ।

ਜੀਵਨ ਵਿੱਚ ਕਦੇ ਵੀ ਉਹਨਾਂ ਨੇ ਕਿਸੇ ਕੋਲੋਂ ਪੈਸੇ ਨਹੀਂ ਸਨ ਲਏ, ਸਗੋਂ ਆਪਣੀ ਕਮਾਈ ਨਾਲ ਭਗਤਾਂ ਨੂੰ ਯਾਤਰਾ ਕਰਵਾਉਂਦੇ ਸਨ।

# ਆਤਮਗਿਆਨ ਪ੍ਰਾਪਤੀ ਦੀ ਪ੍ਰਤੱਖ ਲਿੰਕ

'ਮੈਂ ਤਾਂ ਕੁੱਝ ਲੋਕਾਂ ਨੂੰ ਆਪਣੇ ਹੱਥੋਂ ਸਿੱਧੀ ਦੇਣ ਵਾਲਾ ਹਾਂ। ਪਿੱਛੇ ਅਨੁਯਾਈ ਚਾਹੀਦੇ ਹਨ ਕਿ ਨਹੀਂ ਚਾਹੀਦੇ? ਪਿੱਛੇ ਲੋਕਾਂ ਨੂੰ ਮਾਰਗ ਤਾਂ ਚਾਹੀਦਾ ਹੈ ਨਾ?'

**–ਦਾਦਾਸ਼੍ਰੀ**

ਪਰਮ ਪੂਜਨੀਕ ਦਾਦਾਸ਼੍ਰੀ ਪਿੰਡ-ਪਿੰਡ, ਦੇਸ਼-ਵਿਦੇਸ਼ ਘੁੰਮ ਕੇ ਸਾਧਕਾਂ ਨੂੰ ਸਤਿਸੰਗ ਅਤੇ ਆਤਮਗਿਆਨ ਦੀ ਪ੍ਰਾਪਤੀ ਕਰਵਾਉਂਦੇ ਸਨ। ਆਪ ਨੇ ਆਪਣੇ ਜੀਵਨਕਾਲ ਵਿੱਚ ਹੀ ਡਾ. ਨੀਰੂਭੈਣ ਅਮੀਨ (ਨੀਰੂਮਾਂ) ਨੂੰ ਆਤਮਗਿਆਨ ਪ੍ਰਾਪਤ ਕਰਵਾਉਣ ਦੀ ਸਿੱਧੀ ਦਿੱਤੀ ਸੀ। ਦਾਦਾਸ਼੍ਰੀ ਦੇ ਸ਼ਰੀਰ ਛੱਡਣ (ਅਕਾਲ ਚਲਾਣੇ) ਤੋਂ ਬਾਅਦ ਨੀਰੂਮਾਂ ਉਸੇ ਤਰ੍ਹਾਂ ਹੀ ਸਾਧਕਾਂ ਨੂੰ ਸਤਿਸੰਗ ਅਤੇ ਆਤਮਗਿਆਨ ਦੀ ਪ੍ਰਾਪਤੀ, ਨਿਮਿਤ ਭਾਵ ਨਾਲ ਕਰਵਾ ਰਹੇ ਸਨ। ਪੂਜਨੀਕ ਦੀਪਕਭਾਈ ਦੇਸਾਈ ਨੂੰ ਵੀ ਦਾਦਾਸ਼੍ਰੀ ਨੇ ਸਤਿਸੰਗ ਕਰਨ ਦੀ ਸਿੱਧੀ ਦਿੱਤੀ ਸੀ। ਨੀਰੂਮਾਂ ਦੀ ਹਾਜ਼ਰੀ ਵਿੱਚ ਹੀ ਉਹਨਾਂ ਦੇ ਆਸ਼ੀਰਵਾਦ ਨਾਲ ਪੂਜਨੀਕ ਦੀਪਕਭਾਈ ਨੇ ਦੇਸ਼ਾਂ-ਵਿਦੇਸ਼ਾਂ ਵਿੱਚ ਕਈ ਥਾਵਾਂ ਤੇ ਜਾ ਕੇ ਸਾਧਕਾਂ ਨੂੰ ਆਤਮ ਗਿਆਨ ਕਰਵਾ ਰਹੇ ਹਨ, ਜੋ ਨੀਰੂਮਾਂ ਦੇ ਸ਼ਰੀਰ ਛੱਡਣ ਤੋਂ ਬਾਅਦ ਅੱਜ ਵੀ ਜਾਰੀ ਹੈ। ਇਸ ਆਤਮਗਿਆਨ ਪ੍ਰਾਪਤੀ ਦੇ ਬਾਅਦ ਹਜਾਰਾਂ ਸਾਧਕ ਸੰਸਾਰ ਵਿੱਚ ਰਹਿੰਦੇ ਹੋਏ ਜ਼ੁੰਮੇਵਾਰੀਆਂ ਨਿਭਾਉਂਦੇ ਹੋਏ ਵੀ ਮੁਕਤ ਰਹਿ ਕੇ ਆਤਮ ਰਮਣਤਾ ਦਾ ਅਨੁਭਵ ਕਰਦੇ ਹਨ।

ਗ੍ਰੰਥ ਵਿੱਚ ਲਿਖੀ ਬਾਣੀ ਮੋਕਸ਼ ਪ੍ਰਾਪਤ ਕਰਨ ਵਾਲਿਆਂ ਲਈ ਬਹੁਤ ਜ਼ਿਆਦਾ ਉਪਯੋਗੀ ਸਿੱਧ ਹੋਵੇਗੀ, ਪਰ ਮੋਕਸ਼ ਪ੍ਰਾਪਤ ਦੀ ਇੱਛਾ ਕਰਨ ਵਾਲਿਆਂ ਲਈ ਆਤਮਗਿਆਨ ਪ੍ਰਾਪਤ ਕਰਨਾ ਜ਼ਰੂਰੀ ਹੈ। ਅਕ੍ਰਮ ਮਾਰਗ ਦੇ ਦੁਆਰਾ ਆਤਮਗਿਆਨ ਦੀ ਪ੍ਰਾਪਤੀ ਦਾ ਰਾਹ ਅੱਜ ਵੀ ਖੁੱਲਾ ਹੈ। ਜਿਵੇਂ ਜਗਦਾ ਹੋਇਆ ਦੀਵਾ ਹੀ ਦੂਜੇ ਦੀਵੇ ਨੂੰ ਜਗਾ ਸਕਦਾ ਹੈ, ਉਸੇ ਤਰ੍ਹਾਂ ਪ੍ਰਤੱਖ ਆਤਮਗਿਆਨੀ ਤੋਂ ਆਤਮਗਿਆਨ ਪ੍ਰਾਪਤ ਕਰਕੇ ਹੀ ਖੁਦ ਦਾ ਆਤਮਾ ਜਾਗ੍ਰਤ ਹੋ ਸਕਦਾ ਹੈ।

# ਬੇਨਤੀ

ਆਤਮਵਿਗਿਆਨੀ ਸ਼੍ਰੀ ਅੰਬਾਲਾਲ ਮੂਲਜੀ ਭਾਈ ਪਟੇਲ, ਜਿਨ੍ਹਾਂ ਨੂੰ ਲੋਕ 'ਦਾਦਾ ਭਗਵਾਨ' ਦੇ ਨਾਮ ਨਾਲ ਵੀ ਜਾਣਦੇ ਹਨ, ਉਹਨਾਂ ਦੇ ਸ਼੍ਰੀ ਮੁੱਖ ਤੋਂ ਅਧਿਆਤਮ ਅਤੇ ਵਿਹਾਰ ਗਿਆਨ ਸਬੰਧੀ ਜੋ ਬਾਣੀ ਨਿੱਕਲੀ, ਉਸਨੂੰ ਰਿਕਾਰਡ ਕਰਕੇ, ਸੰਕਲਨ ਅਤੇ ਸੰਪਾਦਨ ਕਰਕੇ ਪੁਸਤਕਾਂ ਦੇ ਰੂਪ ਵਿੱਚ ਪ੍ਰਕਾਸ਼ਿਤ ਕੀਤਾ ਜਾਂਦਾ ਹੈ।

ਗਿਆਨੀ ਪੁਰਖ ਪੂਜਯ ਦਾਦਾ ਭਗਾਵਨ ਦੇ ਸ਼੍ਰੀ ਮੁੱਖ ਤੋਂ ਅਧਿਆਤਮ ਅਤੇ ਵਿਹਾਰ ਗਿਆਨ ਸਬੰਧੀ ਵਿਭਿੰਨ ਵਿਸ਼ਿਆਂ ਤੇ ਨਿੱਕਲੀ ਸਰਸਵਤੀ ਦਾ ਅਦਭੁਤ ਸੰਕਲਨ ਇਸ ਆਪਤਬਾਣੀ ਵਿੱਚ ਹੋਇਆ ਹੈ, ਜੋ ਨਵੇਂ ਪਾਠਕਾਂ ਦੇ ਲਈ ਵਰਦਾਨ ਰੂਪ ਸਾਬਿਤ ਹੋਵੇਗੀ।

ਪ੍ਰਸਤੂਤ ਅਨੁਵਾਦ ਵਿੱਚ ਇਹ ਵਿਸ਼ੇਸ਼ ਧਿਆਨ ਰੱਖਿਆ ਗਿਆ ਹੈ ਕਿ ਵਾਚਕ ਨੂੰ ਦਾਦਾਜੀ ਦੀ ਹੀ ਬਾਣੀ ਸੁਣੀ ਜਾ ਰਹੀ ਹੈ, ਏਦਾਂ ਅਨੁਭਵ ਹੋਵੇ, ਜਿਸਦੇ ਕਾਰਣ ਸ਼ਾਇਦ ਕੁੱਝ ਜਗ੍ਹਾ ਤੇ ਅਨੁਵਾਦ ਦੀ ਵਾਕ ਰਚਨਾ ਪੰਜਾਬੀ ਵਿਆਕਰਣ ਦੇ ਅਨੁਸਾਰ ਕਮੀ ਲਗ ਸਕਦੀ ਹੈ, ਪਰ ਇੱਥੇ ਆਸ਼ਯ ਨੂੰ ਸਮਝ ਕੇ ਪੜ੍ਹਿਆ ਜਾਵੇ ਤਾਂ ਜ਼ਿਆਦਾ ਲਾਭਕਾਰੀ ਹੋਵੇਗਾ।

ਗਿਆਨੀ ਦੀ ਬਾਣੀ ਨੂੰ ਪੰਜਾਬੀ ਭਾਸ਼ਾ ਵਿੱਚ ਯਥਾਰਤ ਰੂਪ ਵਿੱਚ ਅਨੁਵਾਦਿਤ ਕਰਨ ਦਾ ਯਤਨ ਕੀਤਾ ਗਿਆ ਹੈ। ਪ੍ਰਸਤੁਤ ਪੁਸਤਕ ਵਿੱਚ ਕਈ ਜਗ੍ਹਾ ਤੇ ਬਰੈਕਟ ਵਿੱਚ ਦਿੱਤੇ ਗਏ ਸ਼ਬਦ ਜਾਂ ਵਾਕ ਪਰਮ ਪੂਜਯ ਦਾਦਾਸ਼੍ਰੀ ਦੁਆਰਾ ਬੋਲੇ ਗਏ ਵਾਕਾਂ ਨੂੰ ਜ਼ਿਆਦਾ ਸਪਸ਼ਟ ਸਮਝਾਉਣ ਦੇ ਲਈ ਲਿਖੇ ਗਏ ਹਨ। ਜਦੋਂ ਕਿ ਕੁੱਝ ਜਗ੍ਹਾ ਤੇ ਅੰਗਰੇਜ਼ੀ ਸ਼ਬਦਾਂ ਦੇ ਪੰਜਾਬੀ ਅਰਥ ਦੇ ਰੂਪ ਵਿੱਚ ਰੱਖੇ ਗਏ ਹਨ। ਦਾਦਾਸ਼੍ਰੀ ਦੇ ਸ਼੍ਰੀ ਮੁੱਖ ਤੋਂ ਨਿੱਕਲੇ ਕੁੱਝ ਗੁਜਰਾਤੀ ਸ਼ਬਦ ਉਸੇ ਤਰ੍ਹਾਂ ਰੱਖੇ ਗਏ ਹਨ, ਕਿਉਂਕਿ ਉਹਨਾਂ ਸ਼ਬਦਾਂ ਦੇ ਲਈ ਪੰਜਾਬੀ ਵਿੱਚ ਇਹੋ ਜਿਹਾ ਕੋਈ ਸ਼ਬਦ ਨਹੀਂ ਹੈ, ਜੋ ਉਸਦਾ ਪੂਰਣ ਅਰਥ ਦੇ ਸਕੇ। ਜਦੋਂ ਕਿ ਉਹਨਾਂ ਸ਼ਬਦਾਂ ਦੇ ਸਮਾਨਅਰਥੀ ਸ਼ਬਦ ਅਰਥ ਦੇ ਰੂਪ ਵਿੱਚ ਬਰੈਕਟ ਵਿੱਚ ਦਿੱਤੇ ਗਏ ਹਨ।

ਅਨੁਵਾਦ ਸਬੰਧੀ ਕਮੀਆਂ ਦੇ ਲਈ ਆਪ ਤੋਂ ਖਿਮਾਂ ਦੇ ਯਾਚਕ ਹਾਂ।

# ਸੰਪਾਦਕ

ਅਨਾਦਿ ਕਾਲ ਤੋਂ ਹਰ ਧਰਮ ਦੇ ਮੂਲ ਪੁਰਖ ਜਦੋਂ ਹਾਜ਼ਰ ਹੁੰਦੇ ਹਨ, ਜਿਵੇਂ ਕਿ ਮਹਾਂਵੀਰ ਭਗਵਾਨ, ਕ੍ਰਿਸ਼ਨ ਭਗਵਾਨ, ਰਾਮ ਭਗਵਾਨ ਆਦਿ ਤਾਂ ਉਹ ਲੋਕਾਂ ਨੂੰ ਭਿੰਨ-ਭਿੰਨ ਧਰਮਾਂ ਦੇ ਮੱਤਾਂ ਤੋਂ ਬਾਹਰ ਨਿੱਕਲ ਕੇ ਆਤਮ ਧਰਮ ਵਿੱਚ ਸਥਿਰਤਾ ਕਰਵਾਉਂਦੇ ਹਨ ਅਤੇ ਕਾਲ ਕ੍ਰਮ ਦੇ ਅਨੁਸਾਰ ਮੂਲ ਪੁਰਖ ਦੀ ਗੈਰਹਾਜ਼ਰੀ ਹੋਣ ਤੇ ਇਸ ਦੁਨੀਆਂ ਦੇ ਲੋਕ ਹੌਲੀ-ਹੌਲੀ ਮਤਭੇਦ ਵਿੱਚ ਪੈ ਕੇ ਧਰਮ-ਪੰਥ-ਸੰਪਰਦਾਏ ਵਿੱਚ ਵੰਡੇ ਜਾਂਦੇ ਹਨ। ਜਿਸਦੇ ਫ਼ਲ ਸਵਰੂਪ ਹੌਲੀ-ਹੌਲੀ ਸੁੱਖ-ਸ਼ਾਂਤੀ ਖਤਮ ਹੁੰਦੀ ਜਾਂਦੀ ਹੈ।

ਧਰਮ ਵਿੱਚ ਤੂੰ-ਤੂੰ ਮੈਂ-ਮੈਂ ਨਾਲ ਝਗੜੇ ਹੁੰਦੇ ਹਨ। ਉਸਨੂੰ ਦੂਰ ਕਰਨ ਦੇ ਲਈ ਇਹ ਨਿਰਪੱਖਪਾਤੀ ਤ੍ਰਿਮੰਤਰ ਹੈ। ਇਹਨਾਂ ਤ੍ਰਿਮੰਤਰਾਂ ਦਾ ਮੂਲ ਅਰਥ ਜੇ ਸਮਝੇ ਤਾਂ ਉਹਨਾਂ ਦੇ ਕਿਸੇ ਆਦਮੀ ਜਾਂ ਸੰਪਰਦਾਏ ਜਾਂ ਪੰਥ ਨਾਲ ਕੋਈ ਸਬੰਧ ਨਹੀਂ ਹੈ। ਆਤਮਗਿਆਨੀ ਤੋਂ ਲੈ ਕੇ ਅੰਤ: ਕੇਵਲਗਿਆਨੀ ਅਤੇ ਨਿਰਵਾਣ ਪ੍ਰਾਪਤ ਕਰਕੇ ਮੋਕਸ਼ਗਤੀ ਪ੍ਰਾਪਤ ਕਰਨ ਵਾਲੇ ਇਹੋ ਜਿਹੇ ਉੱਚ, ਜਾਗ੍ਰਿਤ ਆਤਮਾਵਾਂ ਨੂੰ ਹੀ ਨਮਸਕਾਰ ਕੀਤਾ ਹੈ। ਇਹਨਾਂ ਨੂੰ ਨਮਸਕਾਰ ਕਰਨ ਨਾਲ ਸੰਸਾਰੀ ਵਿਘਨ ਦੂਰ ਹੁੰਦੇ ਹਨ, ਅੜਚਣਾਂ ਵਿੱਚ ਸ਼ਾਂਤੀ ਰਹਿੰਦੀ ਹੈ ਅਤੇ ਮੋਕਸ਼ ਦੇ ਟੀਚੇ ਪ੍ਰਤੀ ਲਕਸ਼ ਹੋਣ ਲੱਗਦਾ ਹੈ।

ਕ੍ਰਿਸ਼ਨ ਭਗਵਾਨ ਨੇ ਸਾਰੀ ਜ਼ਿੰਦਗੀ ਵਿੱਚ ਕਦੇ ਵੀ ਨਹੀਂ ਕਿਹਾ ਕਿ 'ਮੈਂ ਵੈਸ਼ਣਵ ਹਾਂ, ਮੇਰਾ ਵੈਸ਼ਣਵ ਧਰਮ ਹੈ'। ਮਹਾਂਵੀਰ ਭਗਵਾਨ ਨੇ ਸਾਰੀ ਜ਼ਿੰਦਗੀ ਵਿੱਚ ਨਹੀਂ ਕਿਹਾ ਕਿ 'ਮੈਂ ਜੈਨ ਹਾਂ, ਮੇਰਾ ਜੈਨ ਧਰਮ ਹੈ।' ਭਗਵਾਨ ਰਾਮਚੰਦਰ ਜੀ ਨੇ ਕਦੇ ਨਹੀਂ ਕਿਹਾ ਕਿ 'ਮੇਰਾ ਸਨਾਤਨ ਧਰਮ ਹੈ।' ਸਭ ਨੇ ਆਤਮਾ ਦੀ ਪਹਿਚਾਨ ਕਰਕੇ ਮੋਕਸ਼ ਵਿੱਚ ਜਾਣ ਦੀ ਹੀ ਗੱਲ ਕੀਤੀ ਹੈ। ਗੀਤਾ ਵਿੱਚ ਕ੍ਰਿਸ਼ਨ ਭਗਵਾਨ ਨੇ, ਆਗਮਾਂ ਵਿੱਚ ਤੀਰਥੰਕਰਾਂ ਨੇ ਅਤੇ ਯੋਗਵਸ਼ਿਸ਼ਠ ਵਿੱਚ ਰਾਮਚੰਦਰ ਜੀ ਨੂੰ ਵਸ਼ਿਸ਼ਠ ਮੁਨੀ ਨੇ ਆਤਮਾ ਪਹਿਚਾਨਣ ਦੀ ਹੀ ਗੱਲ ਕਹੀ ਹੈ। ਜੀਵ ਯਾਨੀ ਅਗਿਆਨ ਦਸ਼ਾ। ਸ਼ਿਵ ਯਾਨੀ ਕਲਿਆਣ ਸਵਰੂਪ। ਆਤਮਗਿਆਨ ਪ੍ਰਾਪਤੀ ਤੋਂ ਬਾਅਦ ਉਸੇ ਜੀਵ ਵਿੱਚੋਂ ਸ਼ਿਵ ਦੀ ਪ੍ਰਾਪਤੀ ਹੁੰਦੀ ਹੈ। ਸ਼ਿਵ ਯਾਨੀ ਕਿਸੇ ਵਿਅਕਤੀ ਦੀ ਗੱਲ ਨਹੀਂ ਹੈ, ਜੋ ਕਲਿਆਣ ਸਵਰੂਪ ਹੋਏ ਹਨ ਉਹਨਾਂ ਦੀ ਗੱਲ ਹੈ।

ਆਤਮਗਿਆਨੀ ਪੁਰਖ ਪਰਮ ਪੂਜਨੀਕ ਦਾਦਾ ਭਗਵਾਨ ਨੇ ਨਿਰਪੱਖਪਾਤੀ ਤ੍ਰਿਮੰਤਰ ਪ੍ਰਧਾਨ ਕੀਤਾ ਹੈ। ਜਿਸ ਨੂੰ ਸਵੇਰੇ-ਸ਼ਾਮ ਪੰਜ-ਪੰਜ ਵਾਰ ਉਪਯੋਗਪੂਰਵਕ

ਬੋਲਣ ਨੂੰ ਕਿਹਾ ਹੈ। ਜਿਸ ਨਾਲ ਸੰਸਾਰਿਕ ਕੰਮ ਸ਼ਾਂਤੀਪੂਰਨ ਰੂਪ ਨਾਲ ਪੂਰੇ ਹੁੰਦੇ ਹਨ। ਜਿਆਦਾ ਅੜਚਨਾਂ ਦੀ ਸਥਿਤੀ ਵਿੱਚ ਘੰਟਾ-ਘੰਟਾ ਬੋਲੋ, ਤਾਂ ਮੁਸ਼ਕਿਲਾਂ ਵਿੱਚ ਸੂਲ਼ੀ ਦਾ ਜ਼ਖਮ ਸੂਈ ਨਾਲ ਟਲ ਜਾਵੇਗਾ।

ਨਿਰਪੱਖਪਾਤੀ ਤ੍ਰਿਮੰਤਰ ਦਾ ਸ਼ਬਦਾਰਥ, ਭਾਵਾਰਥ ਅਤੇ ਕਿਸ ਤਰ੍ਹਾਂ ਇਹ ਹਿਤਕਾਰੀ ਹੈ, ਇਸਦਾ ਸਰਵ ਲਕਸ਼ੀ ਸਮਾਧਾਨ ਦਾਦਾਸ਼੍ਰੀ ਨੇ ਪ੍ਰਸ਼ਨ ਉੱਤਰੀ ਰੂਪ ਵਿੱਚ ਦਿੱਤਾ ਹੈ। ਉਹ ਸਾਰੀਆਂ ਗੱਲਾਂ ਪ੍ਰਸਤੂਤ ਪੁਸਤਕ ਵਿੱਚ ਸੰਕਲਿਤ ਹੋਈਆਂ ਹਨ। ਇਸ ਤ੍ਰਿਮੰਤਰ ਦੀ ਅਰਾਧਨਾ ਨਾਲ ਹਰੇਕ ਦੇ ਜੀਵਨ ਦੇ ਵਿਘਨ ਦੂਰ ਹੋਣਗੇ ਅਤੇ ਨਿਰਪੱਖਪਨਾਂ ਉਤਪੰਨ ਹੋਵੇਗਾ।

– ਡਾ. ਨੀਰੂਭੈਣ ਅਮੀਨ

# ਤ੍ਰਿਮੰਤਰ

ਰਹੱਸ, ਤ੍ਰਿਮੰਤਰ ਇਕੱਠਾ ਕਰਨ ਦਾ

**ਪ੍ਰਸ਼ਨਕਰਤਾ :** ਇਸ ਤ੍ਰਿਮੰਤਰ ਵਿੱਚ ਤਿੰਨ ਤਰ੍ਹਾਂ ਦੇ ਮੰਤਰ ਹਨ, ਇੱਕ ਜੈਨਾਂ ਦਾ ਮੰਤਰ, ਇੱਕ ਵੈਸ਼ਣਵਾਂ ਦਾ ਮੰਤਰ, ਇੱਕ ਸ਼ਿਵਧਰਮ ਦਾ ਮੰਤਰ, ਇਹਨਾਂ ਨੂੰ ਇਕੱਠੇ ਕਰਨ ਦਾ ਕੀ ਅਰਥ ਹੈ? ਇਸਦਾ ਕੀ ਰਹੱਸ ਹੈ?

**ਦਾਦਾਸ਼੍ਰੀ :** ਭਗਵਾਨ ਨਿਰਪੱਖ ਹੁੰਦੇ ਹਨ। ਭਗਵਾਨ ਦਾ ਵੈਸ਼ਣਵ ਨਾਲ, ਸ਼ਿਵ ਨਾਲ ਜਾਂ ਜੈਨ ਨਾਲ ਕੋਈ ਸਬੰਧ ਨਹੀਂ ਹੈ। ਵੀਤਰਾਗਾਂ ਨੂੰ ਪੱਖਪਾਤ ਨਹੀਂ ਹੁੰਦਾ। ਪੱਖ ਵਾਲੇ 'ਇਹ ਤੁਹਾਡਾ ਅਤੇ ਇਹ ਸਾਡਾ' ਇਸ ਤਰ੍ਹਾਂ ਭੇਦ ਕਰਦੇ ਹਨ। 'ਸਾਡਾ' ਜੋ ਕਹਿੰਦਾ ਹੈ ਉਹ ਹੋਰਾਂ ਨੂੰ 'ਤੁਹਾਡਾ' ਕਹਿੰਦਾ ਹੈ। ਜਿੱਥੇ 'ਸਾਡਾ-ਤੁਹਾਡਾ' ਹੁੰਦਾ ਹੈ, ਉੱਥੇ ਰਾਗ-ਦਵੇਸ਼ ਹੁੰਦਾ ਹੀ ਹੈ।ਉਹ ਵੀਤਰਾਗਾਂ ਦਾ ਮਾਰਗ ਨਹੀਂ ਹੈ। ਜਿੱਥੇ ਸਾਡਾ-ਤੁਹਾਡਾ ਏਦਾਂ ਭੇਦ ਹੋਇਆ, ਉੱਥੇ ਵੀਤਰਾਗਾਂ ਦਾ ਮਾਰਗ ਨਹੀਂ ਹੁੰਦਾ। ਵੀਤਰਾਗ ਮਾਰਗ ਭੇਦਭਾਵ ਤੋਂ ਰਹਿਤ ਹੁੰਦਾ ਹੈ। ਇਹ ਤੁਹਾਡੀ ਸਮਝ ਵਿੱਚ ਆਉਂਦਾ ਹੈ?

## ਤ੍ਰਿਮੰਤਰ ਨਾਲ ਪ੍ਰਾਪਤੀ ਪੂਰਨ ਫ਼ਲ ਦੀ

**ਪ੍ਰਸ਼ਨਕਰਤਾ :** ਇਹ ਜੋ ਤ੍ਰਿਮੰਤਰ ਹੈ ਉਹ ਸਭ ਦੇ ਲਈ ਹੈ? ਜੇ ਸਭ ਦੇ ਲਈ ਹੈ ਤਾਂ ਏਦਾਂ ਕਿਸ ਲਈ ?

**ਦਾਦਾਸ਼੍ਰੀ :** ਇਹ ਤਾਂ ਸਭ ਦੇ ਲਈ ਹੈ। ਜਿਸਨੇ ਪਾਪ ਧੋਣੇ ਹੋਣ ਉਹਨਾਂ ਦੇ ਲਈ ਚੰਗਾ ਹੈ ਅਤੇ ਪਾਪ ਨਾ ਧੋਣੇ ਹੋਣ ਉਹਨਾਂ ਦੇ ਲਈ ਨਹੀ ਹੈ।

**ਪ੍ਰਸ਼ਨਕਰਤਾ :** ਇਸ ਤ੍ਰਿਮੰਤਰ ਵਿੱਚ ਨਵਕਾਰ ਮੰਤਰ, ਵਾਸੂਦੇਵ ਅਤੇ ਸ਼ਿਵ, ਇਹਨਾਂ ਤਿੰਨਾਂ ਮੰਤਰਾਂ ਨੂੰ ਇਕੱਠੇ ਰੱਖਣ ਦਾ ਕੀ ਮਕਸਦ ਹੈ?

**ਦਾਦਾਸ਼੍ਰੀ :** ਸਾਰਾ ਫ਼ਲ ਖਾਈਏ ਅਤੇ ਇੱਕ ਟੁਕੜਾ ਖਾਈਏ, ਇਸ ਵਿੱਚ ਫ਼ਰਕ ਨਹੀਂ ਹੈ? ਇਹ ਤ੍ਰਿਮੰਤਰ ਪੂਰੇ ਫ਼ਲ ਦੇ ਰੂਪ ਵਿੱਚ ਹੈ, ਪੂਰਾ ਫ਼ਲ!

## ਮੰਤਰ-ਜਾਪ, ਫਿਰ ਵੀ ਸੁਖ ਦਾ ਅਭਾਵ...

ਰਿਸ਼ਭਦੇਵ ਭਗਵਾਨ ਨੇ ਇੱਕ ਹੀ ਗੱਲ ਕਹੀ ਸੀ ਕਿ ਇਹ ਜੋ ਮੰਦਰ ਹਨ, ਉਹ ਵੈਸ਼ਣਵ ਵਾਲੇ ਵੈਸ਼ਣਵ ਦੇ, ਸ਼ਿਵ ਧਰਮ ਵਾਲੇ ਸ਼ਿਵ ਦੇ, ਜੈਨਧਰਮੀ ਜੈਨ ਦੇ, ਆਪਣੇ-ਆਪਣੇ ਮੰਦਰ ਵੰਡ ਲੈਣਾ ਪਰ ਇਹ ਜੋ ਮੰਤਰ ਹਨ ਉਹਨਾਂ ਨੂੰ ਨਾ ਵੰਡਣਾ। ਮੰਤਰ ਵੰਡਣ ਨਾਲ ਉਹਨਾਂ ਦਾ ਸਤਵ ਚਲਾ ਜਾਵੇਗਾ। ਪਰ ਲੋਕਾਂ ਨੇ ਤਾਂ ਮੰਤਰ ਵੀ ਵੰਡ ਲਏ ਅਤੇ ਇਕਾਦਸ਼ੀ ਵੀ ਵੰਡ ਲਈ, 'ਇਹ ਸ਼ੈਵ ਦੀ ਅਤੇ ਇਹ ਵੈਸ਼ਣਵਾਂ ਦੀ।' ਇਸ ਲਈ ਇਕਾਦਸ਼ੀ ਦਾ ਮਹਾਤਮ ਨਸ਼ਟ ਹੋ ਗਿਆ ਅਤੇ ਇਹਨਾਂ ਮੰਤਰਾਂ ਦਾ ਮਹਾਤਮ (ਮਹੱਤਵ) ਵੀ ਨਹੀਂ ਰਿਹਾ ਹੈ। ਇਹ ਤਿੰਨੇ ਮੰਤਰ ਇਕੱਠੇ ਨਾ ਹੋਣ ਕਰਕੇ, ਨਾ ਤਾਂ ਜੈਨ ਸੁਖੀ ਹੁੰਦੇ ਹਨ, ਨਾ ਹੀ ਇਹ ਦੂਸਰੇ ਲੋਕ ਸੁਖੀ ਹੁੰਦੇ ਹਨ। ਇਸ ਲਈ ਇਹ ਮਿਲਾਣ ਭਗਵਾਨ ਦੇ ਕਹੇ ਅਨੁਸਾਰ ਹੈ।

ਰਿਸ਼ਭਦੇਵ ਭਗਵਾਨ ਧਰਮ ਦੇ ਮੁਖੀ ਕਹਾਉਂਦੇ ਹਨ। ਧਰਮ ਦਾ ਮੁਖੀ ਯਾਨੀ ਸਾਰੇ ਸੰਸਾਰ ਨੂੰ ਧਰਮ ਦੀ ਪ੍ਰਾਪਤੀ ਕਰਵਾਉਣ ਵਾਲੇ ਉਹ ਖੁਦ ਹੀ ਹਨ! ਇਹ ਵੇਦਾਂਤ ਮਾਰਗ ਵੀ ਉਹਨਾਂ ਦਾ ਸਥਾਪਿਤ ਕੀਤਾ ਹੋਇਆ ਹੈ ਅਤੇ ਇਹ ਜੈਨ ਮਾਰਗ ਦੀ ਸਥਾਪਨਾ ਵੀ ਉਹਨਾਂ ਦੇ ਹੱਥੋਂ ਹੋਈ ਹੈ।

ਕੁੱਝ ਲੋਕ ਜਿਸਨੂੰ ਆਦਮ ਕਹਿੰਦੇ ਹਨ ਨਾ, ਉਹ ਆਦਮ ਯਾਨੀ ਇਹ ਆਦਿਮ ਤੀਰਥੰਕਰ ਹੀ ਹਨ। ਉਹ ਆਦਿਮ ਦੀ ਬਜਾਏ ਆਦਮ ਕਹਿੰਦੇ ਹਨ। ਅਰਥਾਤ ਇਹ ਸਭ ਜੋ ਹੈ, ਉਹ ਉਹਨਾਂ ਦਾ ਹੀ ਦੱਸਿਆ ਹੋਇਆ ਮਾਰਗ ਹੈ।

# ਸੰਸਾਰਿਕ ਅੜਚਨਾ ਦੇ ਲਈ

**ਪ੍ਰਸ਼ਨਕਰਤਾ :** ਰਿਸ਼ਭਦੇਵ ਭਗਵਾਨ ਨੇ ਮੰਦਰ ਵੰਡਣ ਨੂੰ ਕਿਹਾ ਪਰ ਮੰਦਰਾਂ ਵਿੱਚ ਸਭ ਦੇਵਤਾ ਤਾਂ ਇੱਕ ਹੀ ਹਨ ਨਾ?

**ਦਾਦਾਸ਼੍ਰੀ :** ਨਹੀਂ, ਦੇਵਤਾ ਸਾਰੇ ਅਲੱਗ-ਅਲੱਗ ਹਨ। ਸਭ ਦੇ ਸ਼ਾਸ਼ਨਦੇਵ ਵੀ ਅਲੱਗ ਹਨ। ਸਨਯਸਤ ਮੰਤਰ ਦੇ ਸ਼ਾਸ਼ਨਦੇਵ ਅਲੱਗ ਹੁੰਦੇ ਹਨ, ਹੋਰ ਮੰਤਰਾਂ ਦੇ ਸ਼ਾਸ਼ਨਦੇਵ ਅਲੱਗ ਹੁੰਦੇ ਹਨ, ਸਾਰੇ ਦੇਵ ਅਲੱਗ-ਅਲੱਗ ਹੁੰਦੇ ਹਨ।

**ਪ੍ਰਸ਼ਨਕਰਤਾ :** ਪਰ ਤਿੰਨੇ ਮੰਤਰ ਇਕੱਠੇ ਬੋਲਣ ਨਾਲ ਕੀ ਫ਼ਾਇਦਾ?

**ਦਾਦਾਸ਼੍ਰੀ :** ਅੜਚਨਾ ਚਲੀਆਂ ਜਾਂਦੀਆਂ ਹਨ ਨਾ! ਵਿਹਾਰ ਵਿੱਚ ਅੜਚਨਾਂ ਆਉਂਦੀਆਂ ਹੋਣ ਤਾਂ ਘਟ ਜਾਂਦੀਆਂ ਹਨ। ਪੁਲਿਸਵਾਲੇ ਨਾਲ ਸਾਧਾਰਣ ਪਹਿਚਾਣ ਹੋਵੇ ਤਾਂ ਛੁੱਟ ਜਾਂਦੇ ਹਨ ਜਾਂ ਨਹੀਂ ਛੁੱਟ ਜਾਂਦੇ?

**ਪ੍ਰਸ਼ਨਕਰਤਾ :** ਹਾਂ, ਛੁੱਟ ਜਾਂਦੇ ਹਨ।

**ਦਾਦਾਸ਼੍ਰੀ :** ਤਾਂ ਇਸ ਤ੍ਰਿਮੰਤਰ ਵਿੱਚ ਜੈਨ, ਵਾਸੁਦੇਵ ਅਤੇ ਸ਼ਿਵ ਦੇ ਤਿੰਨਾਂ ਮੰਤਰਾਂ ਦਾ ਮਿਲਾਣ ਕੀਤਾ ਹੈ। ਜੇ ਤੁਸੀਂ ਦੇਵਤਾਵਾਂ ਦਾ ਸਹਾਰਾ ਚਾਹੁੰਦੇ ਹੋ ਤਾਂ ਤਿੰਨੇ ਮੰਤਰ ਇਕੱਠੇ ਬੋਲਣਾ। ਉਹਨਾਂ ਦੇ ਸ਼ਾਸ਼ਨਦੇਵ ਹੁੰਦੇ ਹਨ, ਜੋ ਤੁਹਾਡੀ ਮਦਦ ਕਰਨਗੇ। ਇਸ ਤ੍ਰਿਮੰਤਰ ਵਿੱਚ ਜੈਨ ਦਾ ਮੰਤਰ ਹੈ, ਉਹ ਜੈਨਾਂ ਦੇ ਸ਼ਾਸ਼ਨਦੇਵਾਂ ਨੂੰ ਖੁਸ਼ ਕਰਨ ਦਾ ਸਾਧਨ ਹੈ। ਵੈਸ਼ਣਵ ਦਾ ਮੰਤਰ ਉਹਨਾਂ ਦੇ ਸ਼ਾਸ਼ਨਦੇਵਾਂ ਨੂੰ ਖੁਸ਼ ਕਰਨ ਦਾ ਸਾਧਨ ਹੈ ਅਤੇ ਸ਼ਿਵ ਦਾ ਜੋ ਮੰਤਰ ਹੈ ਉਹ ਉਹਨਾਂ ਦੇ ਸ਼ਾਸ਼ਨਦੇਵਾਂ ਨੂੰ ਖੁਸ਼ ਕਰਨ ਦਾ ਸਾਧਨ ਹੈ। ਹਰ ਧਰਮ ਦੇ ਪਿੱਛੇ ਹਮੇਸ਼ਾ ਸ਼ਾਸ਼ਨ ਦੀ ਰੱਖਿਆ ਕਰਨ ਵਾਲੇ ਦੇਵ ਹੁੰਦੇ ਹਨ। ਇਹਨਾਂ ਮੰਤਰਾਂ ਨੂੰ ਬੋਲਣ ਨਾਲ ਉਹ ਦੇਵ ਖੁਸ਼ ਹੋ ਜਾਂਦੇ ਹਨ, ਇਸ ਨਾਲ ਸਾਡੀਆਂ ਅੜਚਨਾਂ ਦੂਰ ਹੋ ਜਾਂਦੀਆਂ ਹਨ।

ਤੁਹਾਨੂੰ ਸੰਸਾਰ ਵਿੱਚ ਅੜਚਨਾਂ ਹੋਣਗੀਆਂ ਨਾ, ਤਾਂ ਇਹਨਾਂ ਤਿੰਨਾਂ ਮੰਤਰਾਂ ਨੂੰ ਇਕੱਠੇ ਬੋਲਣ ਨਾਲ ਅੜਚਨਾਂ ਹਲਕੀਆਂ ਹੋ ਜਾਣਗੀਆਂ। ਤੁਹਾਡੇ ਬਹੁਤ ਸਾਰੇ ਕਰਮਾਂ ਦਾ ਉਦੈ ਹੋਇਆ ਹੋਵੇ ਨਾ, ਉਹਨਾਂ ਉਦੈ ਨੂੰ ਨਰਮ ਕਰਨ

ਦਾ ਰਸਤਾ ਇਹ ਹੈ। ਅਰਥਾਤ ਹੌਲ਼ੀ-ਹੌਲ਼ੀ ਰਾਹ ਤੇ ਚੜਨ ਦਾ ਰਸਤਾ ਹੈ। ਜਿਸ ਕਰਮ ਦਾ ਉਦੈ ਸੋਲ਼ਾਂ ਆਨੇ ਹੈ, ਉਹ ਚਾਰ ਆਨੇ ਹੋ ਜਾਵੇਗਾ। ਸੋ: ਇਹਨਾਂ ਤਿੰਨਾਂ ਮੰਤਰਾਂ ਨੂੰ ਬੋਲਣ ਨਾਲ ਆਉਂਣ ਵਾਲੀਆਂ ਸਾਰੀਆਂ ਅੜਚਨਾਂ ਹਲਕੀਆਂ ਹੋ ਜਾਣਗੀਆਂ। ਜਿਸ ਨਾਲ ਸ਼ਾਂਤੀ ਹੋ ਜਾਵੇਗੀ ਵਿਚਾਰੇ ਨੂੰ!

## ਬਣਾਏ ਤ੍ਰਿਮੰਤਰ ਨਿਰਪੱਖਪਾਤੀ

ਪਰਾਪੂਰਵ ਤੋਂ ਇਹ ਤਿੰਨ ਮੰਤਰ ਹੀ ਹਨ, ਪਰ ਇਹਨਾਂ ਲੋਕਾਂ ਨੇ ਲੜਾਈ-ਝਗੜੇ ਕਰਕੇ ਮੰਤਰ ਵੀ ਵੰਡ ਲਏ ਹਨ ਕਿ, 'ਇਹ ਸਾਡਾ ਅਤੇ ਇਹ ਤੁਹਾਡਾ'। ਜੈਨਾਂ ਨੇ ਸਿਰਫ਼ ਨਵਕਾਰ ਮੰਤਰ ਹੀ ਰੱਖਿਆ ਅਤੇ ਬਾਕੀ ਦੇ ਕੱਢ ਦਿੱਤੇ। ਵੈਸ਼ਣਵਾਂ ਨੇ ਨਵਕਾਰ ਮੰਤਰ ਕੱਢ ਦਿੱਤਾ ਅਤੇ ਆਪਣਾ ਰੱਖਿਆ। ਅਰਥਾਤ ਮੰਤਰ ਸਭ ਨੇ ਵੰਡ ਲਏ। ਓਏ, ਇਹਨਾਂ ਲੋਕਾਂ ਨੇ ਭੇਦ ਕਰਨ ਵਿੱਚ ਕੁੱਝ ਬਾਕੀ ਨਹੀਂ ਛੱਡਿਆ। ਇਸ ਲਈ ਹਿੰਦੂਸਤਾਨ ਦੀ ਇਹ ਦਸ਼ਾ ਹੋਈ ਹੈ, ਭੇਦ ਰੱਖਣ ਦੀ ਵਜ੍ਹਾ ਨਾਲ। ਦੇਖੋ, ਇਸ ਦੇਸ਼ ਦੀ ਸਥਿਤੀ ਛਿੰਨ-ਭਿੰਨ ਹੋ ਗਈ ਹੈ ਨਾਂ? ਇਹ ਭੇਦ ਜੋ ਕੀਤੇ ਹਨ, ਉਹ ਅਗਿਆਨੀਆਂ ਨੇ ਆਪਣਾ ਮਤ ਸਹੀ ਦੱਸਣ ਦੇ ਲਈ ਕੀਤੇ ਹਨ। ਜਦੋਂ ਗਿਆਨੀ ਹੁੰਦੇ ਹਨ, ਤਾਂ ਵਾਪਸ ਸਭ ਇਕੱਠਾ ਕਰ ਦਿੰਦੇ ਹਨ, ਨਿਰਪੱਖ ਬਣਾਉਂਦੇ ਹਨ। ਇਸ ਲਈ ਤਾਂ ਅਸੀਂ ਤਿੰਨੇ ਮੰਤਰ ਇਕੱਠੇ ਲਿਖੇ ਹਨ। ਜੇ ਇਹਨਾਂ ਸਭ ਮੰਤਰਾਂ ਨੂੰ ਇਕੱਠੇ ਬੋਲੀਏ ਨਾ, ਤਾਂ ਮਨੁੱਖ ਦਾ ਕਲਿਆਣ ਹੀ ਹੋ ਜਾਵੇ।

## ਪੱਖਪਾਤ ਨਾਲ ਹੀ ਅਕਲਿਆਣ

**ਪ੍ਰਸ਼ਨਕਰਤਾ :** ਇਹ ਤ੍ਰਿਮੰਤਰ ਕਿਹੜੇ ਸੰਯੋਗਾਂ ਦੇ ਕਾਰਣ ਵੰਡੇ ਗਏ ਹੋਣਗੇ?

**ਦਾਦਾਸ਼੍ਰੀ :** ਆਪਣਾ ਫਿਰਕਾ (ਸੰਪਰਦਾਏ) ਚਲਾਉਣ ਦੇ ਲਈ। ਇਹ ਸਾਡਾ ਸਹੀ ਹੈ! ਜੋ ਖੁਦ ਨੂੰ ਸਹੀ ਦੱਸਦਾ ਹੈ, ਉਹ ਸਾਹਮਣੇ ਵਾਲੇ ਨੂੰ ਗਲਤ ਕਹਿੰਦਾ ਹੈ। ਕੀ ਇਹ ਗੱਲ ਭਗਵਾਨ ਨੂੰ ਸਹੀ ਲੱਗੇਗੀ? ਭਗਵਾਨ ਦੇ ਲਈ ਤਾਂ ਦੋਵੇਂ ਬਰਾਬਰ ਹਨ ਨਾ? ਅਰਥਾਤ ਨਾ ਤਾਂ ਖੁਦ ਦਾ ਕਲਿਆਣ ਹੋਇਆ

ਅਤੇ ਨਾ ਹੀ ਸਾਹਮਣੇ ਵਾਲੇ ਦਾ ਕਲਿਆਣ ਹੋਇਆ, ਸਭ ਦਾ ਅਕਲਿਆਣ ਕੀਤਾ ਇਹਨਾਂ ਲੋਕਾਂ ਨੇ।

ਫਿਰ ਵੀ ਇਹਨਾਂ ਫ਼ਿਰਕਿਆਂ ਨੂੰ ਤੋੜਨ ਦੀ ਜ਼ਰੂਰਤ ਨਹੀਂ ਹੈ, ਫ਼ਿਰਕੇ ਰੱਖਣਾ ਜਰੂਰੀ ਹੈ। ਕਿਉਂਕਿ ਫ਼ਸਟ ਸਟੈਂਡਰਡ ਤੋਂ ਲੈ ਕੇ ਮੈਟ੍ਰਿਕ ਤੱਕ ਅਲੱਗ-ਅਲੱਗ ਧਰਮ ਚਾਹੀਦੇ ਹਨ, ਅਲੱਗ-ਅਲੱਗ ਮਾਸਟਰ ਚਾਹੀਦੇ ਹਨ। ਪਰ ਇਸਦਾ ਮਤਲਬ ਇਹ ਨਹੀਂ ਹੈ ਕਿ ਸੈਕੰਡ ਸਟੈਂਡਰਡ ਗਲਤ ਹੈ, ਇਹ ਨਹੀਂ ਹੋਣਾ ਚਾਹੀਦਾ। ਮੈਟ੍ਰਿਕ ਵਿੱਚੋਂ ਆਉਣ ਤੇ ਕੋਈ ਆਦਮੀ ਕਹੇ ਕਿ 'ਸਟੈਂਡਰਡ ਗਲਤ ਹੈ ਤਾਂ ਉਹ ਕਿੰਨਾ ਗੈਰ ਵਿਆਜਬੀ ਕਹਾਵੇਗਾ! ਸਾਰੇ ਸਟੈਂਡਰਡ ਸਹੀ ਹਨ ਪਰ ਸਮਾਨ ਨਹੀ ਹਨ।

## ਤ੍ਰਿਮੰਤਰ, ਖੁਦ ਦੇ ਲਈ ਹੀ ਹਿਤਕਾਰੀ

ਇਹ ਤਾਂ ਇਸ ਤਰ੍ਹਾਂ ਹੈ ਕਿ ਜੇ ਇੱਕ ਆਦਮੀ ਕਹੇ ਕਿ, 'ਇਹ ਸਾਡਾ ਵੈਸ਼ਣਵ ਮਤ ਹੈ।' ਤਾਂ ਦੂਸਰਾ ਕਹਿੰਦਾ ਹੈ ਕਿ, 'ਸਾਡਾ ਇਹ ਮਤ ਹੈ।' ਅਰਥਾਤ ਇਹਨਾਂ ਮਤ ਵਾਲਿਆਂ ਨੇ ਲੋਕਾਂ ਨੂੰ ਉਲਝਾ ਦਿੱਤਾ ਹੈ। ਇਸ ਲਈ ਇਹ ਤ੍ਰਿਮੰਤਰ ਨਿਰਪੱਖਪਾਤੀ ਮੰਤਰ ਹੈ। ਇਹ ਹਿੰਦੁਸਤਾਨ ਦੇ ਸਭ ਲੋਕਾਂ ਦੇ ਲਈ ਹੈ। ਇਸ ਲਈ ਇਹ ਮੰਤਰ ਬੋਲਾਂਗੇ ਤਾਂ ਬਹੁਤ ਫ਼ਾਇਦਾ ਹੋਵੇਗਾ। ਕਿਉਂਕਿ ਇਸ ਵਿੱਚ ਉੱਤਮ ਮਨੁੱਖਾਂ, ਉੱਚ ਕੋਟੀ ਦੇ ਜੀਵਾਂ ਨੂੰ ਨਮਸਕਾਰ ਕਰਨਾਸਿਖਾਇਆ ਹੈ। ਤੁਹਾਨੂੰ ਸਮਝ ਵਿੱਚ ਆਇਆ ਕਿ, ਕੀ ਸਿਖਾਇਆ ਗਿਆ ਹੈ?

**ਪ੍ਰਸ਼ਨਕਰਤਾ :** ਨਮਸਕਾਰ ਕਰਨਾ।

**ਦਾਦਾਸ਼੍ਰੀ :** ਉਹਨਾਂ ਨੂੰ ਨਮਸਕਾਰ ਕਰਨ ਨਾਲ ਸਾਨੂੰ ਫ਼ਾਇਦਾ ਹੋਵੇਗਾ, ਸਿਰਫ਼ ਨਮਸਕਾਰ ਬੋਲਣ ਨਾਲ ਹੀ ਫ਼ਾਇਦਾ ਹੋਵੇਗਾ। ਫਿਰ ਪਤਾ ਚਲੇਗਾ ਕਿ 'ਇਹ ਤਾਂ ਮੇਰੇ ਆਪਣੇ ਹਿਤ ਦੇ ਲਈ ਹੈ! ਜੋ ਆਪਣੇ ਹਿਤ ਦਾ ਹੋਵੇ, ਉਸਨੂੰ ਜੈਨ ਦਾ ਮੰਤਰ ਕਿਵੇਂ ਕਿਹਾ ਜਾਵੇ?!' ਪਰ ਮਤਾਰਥ ਦੀ ਬੀਮਾਰੀ ਵਾਲੇ ਲੋਕ ਕੀ ਕਹਿੰਦੇ ਹਨ? 'ਇਹ ਸਾਡਾ ਨਹੀਂ ਹੈ।' ਓਏ, ਸਾਡਾ ਕਿਉਂ ਨਹੀਂ ਹੈ? ਭਾਸ਼ਾ ਸਾਡੀ ਹੈ, ਸਾਰਾ ਸਾਡਾ ਹੀ ਹੈ ਨਾ?! ਕੀ ਸਾਡਾ ਨਹੀਂ ਹੈ?

ਪਰ ਇਹ ਤਾਂ ਨਾਸਮਝੀ ਦੀਆਂ ਗੱਲਾਂ ਹਨ। ਉਹ ਤਾਂ ਜਦੋਂ ਇਸਦਾ ਅਰਥ ਸਮਝਾਈਏ ਤਾਂ ਸਮਝ ਵਿੱਚ ਆਵੇਗਾ।

## ਇਹ ਹੈ ਤ੍ਰਿਮੰਤਰ

ਇਸ ਲਈ ਅਸੀਂ ਇਸਨੂੰ ਉੱਚੀ ਅਵਾਜ਼ ਵਿੱਚ ਬੁਲਵਾਉਂਦੇ ਹਾਂ ਨਾ,

ਨਮੋ ਵੀਤਰਾਗਾਯ

ਨਮੋ ਅਰਿਹੰਤਾਣਮ

ਨਮੋ ਸਿੱਧਾਣਮ

ਨਮੋ ਆਯਰਿਯਾਣਮ

ਨਮੋ ਉਵਝਾਯਾਣਮ

ਨਮੋ ਲੋਏ ਸਵ੍ਵ ਸਾਹੂਣੰਮ

ਐਸੋ ਪੰਚ ਨਮੁਕਾਰੋ ਸਵ੍ਵ ਪਾਵਪਣਾਸਣੋਂ

ਮੰਗਲਾਣੰਮ 'ਚ ਸਵੇਂਸਿਮ

ਪੜ੍ਹਮੰ ਹਵਈ ਮੰਗਲੰਮ!! (1)

ਓਮ ਨਮੋ ਭਗਵਤੇ ਵਾਸੂਦੇਵਾਯ!! (2)

ਓਮ ਨਮ: ਸ਼ਿਵਾਯ!! (3)

ਜੈ ਸੱਚਿਦਾਨੰਦ

ਹੁਣ ਜੇ ਇਸ ਨਵਕਾਰ ਮੰਤਰ ਦਾ ਅਰਥ ਤੁਹਾਨੂੰ ਸਮਝਾਵਾਂ ਤਾਂ ਤੁਸੀਂ ਹੀ ਕਹੋਗੇ ਕਿ ਇਹ ਤਾਂ ਸਾਡਾ ਮੰਤਰ ਹੈ! ਉਸਦਾ ਅਰਥ ਸਮਝ ਜਾਵੋਗੇ ਤਾਂ ਤੁਸੀਂ ਛੱਡੋਗੇ ਹੀ ਨਹੀਂ। ਇਹ ਤਾਂ ਤੁਸੀਂ ਏਦਾਂ ਹੀ ਮੰਨਦੇ ਹੋ ਕਿ ਇਹ ਸ਼ਿਵ ਦਾ ਮੰਤਰ ਹੈ ਜਾਂ ਇਹ ਵੈਸ਼ਣਵ ਦਾ ਮੰਤਰ ਹੈ, ਪਰ ਉਸਦਾ ਅਰਥ ਸਮਝਣ ਦੀ ਜ਼ਰੂਰਤ ਹੈ। ਮੈਂ ਉਸਦਾ ਅਰਥ ਤੁਹਾਨੂੰ ਸਮਝਾਵਾਂਗਾ, ਫਿਰਤੁਸੀਂ ਏਦਾਂ ਕਹੋਗੇ ਹੀ ਨਹੀਂ।

# ਨਮੋ ਅਰਿਹੰਤਾਣਮ

**ਪ੍ਰਸ਼ਨਕਰਤਾ :** 'ਨਮੋ ਅਰਿਹੰਤਾਣਮ' ਯਾਨੀ ਕੀ? ਇਸਦਾ ਅਰਥ ਵਿਸਤਾਰ ਨਾਲ ਸਮਝਾਓ।

**ਦਾਦਾਸ਼੍ਰੀ :** 'ਨਮੋ ਅਰਿਹੰਤਾਣਮ।' ਅਰਿ ਯਾਨੀ ਦੁਸ਼ਮਣ ਅਤੇ ਹੰਤਾਣਮ ਯਾਨੀ ਜਿਸਨੇ ਉਹਨਾਂ ਦਾ ਹਨਨ ਕੀਤਾ ਹੈ, ਉਸ ਅਰਿਹੰਤ ਭਗਵਾਨ ਨੂੰ ਨਮਸਕਾਰ ਕਰਦਾ ਹਾਂ।

ਜਿਸਨੇ ਕ੍ਰੋਧ-ਮਾਨ-ਮਾਇਆ-ਲੋਭ-ਰਾਗ-ਦਵੇਸ਼ ਰੂਪੀ ਸਾਰੇ ਦੁਸ਼ਮਣਾ ਦਾ ਨਾਸ਼ ਕੀਤਾ ਹੈ, ਉਹ ਅਰਿਹੰਤ ਕਹਾਉਂਦੇ ਹਨ। ਦੁਸ਼ਮਣਾ ਦਾ ਨਾਸ਼ ਕਰਨ ਤੋਂ ਲੈ ਕੇ ਪੂਰਣਾਹੁਤੀ ਹੋਣ ਤੱਕ ਅਰਿਹੰਤ ਕਹਾਉਂਦੇ ਹਨ। ਉਹ ਪੂਰਣ ਸਵਰੂਪ ਭਗਵਾਨ ਕਹਾਉਂਦੇ ਹਨ! ਉਹ ਅਰਿਹੰਤ ਭਗਵਾਨ ਫਿਰ ਚਾਹੇ ਕਿਸੇ ਵੀ ਧਰਮ ਦੇ ਹੋਣ, ਇਸ ਬ੍ਰਹਿਮਾਂਡ ਵਿੱਚ ਚਾਹੇ ਕਿਤੇ ਵੀ ਹੋਣ, ਉਹਨਾਂ ਨੂੰ ਨਮਸਕਾਰ ਕਰਦਾ ਹਾਂ।

**ਪ੍ਰਸ਼ਨਕਰਤਾ :** ਅਰਿਹੰਤ ਦੇਹਧਾਰੀ ਹੁੰਦੇ ਹਨ?

**ਦਾਦਾਸ਼੍ਰੀ :** ਹਾਂ, ਦੇਹਧਾਰੀ ਹੀ ਹੁੰਦੇ ਹਨ। ਦੇਹਧਾਰੀ ਨਾ ਹੋਣ ਤਾਂ ਅਰਿਹੰਤ ਕਹਾਉਣਗੇ ਹੀ ਨਹੀਂ। ਅਰਿਹੰਤ ਦੇਹਧਾਰੀ ਅਤੇ ਨਾਮਧਾਰੀ, ਨਾਮ ਸਹਿਤ ਹੁੰਦੇ ਹਨ।

**ਪ੍ਰਸ਼ਨਕਰਤਾ :** ਅਰਿਹੰਤ ਭਗਵਾਨ ਯਾਨੀ ਕਿ ਚੌਵੀ ਤੀਰਥੰਕਰਾਂ ਨੂੰ ਸੰਬੋਧਿਤ ਕਰਕੇ ਪ੍ਰਯੋਗ ਕੀਤਾ ਹੈ?

**ਦਾਦਾਸ਼੍ਰੀ :** ਨਹੀ, ਵਰਤਮਾਨ ਤੀਰਥੰਕਰ ਹੀ ਅਰਿਹੰਤ ਭਗਵਾਨ ਕਹਾਉਂਦੇ ਹਨ। ਮਹਾਂਵੀਰ ਭਗਵਾਨ ਤਾਂ ਉੱਥੇ ਮੋਕਸ਼ ਵਿੱਚ ਵਿਰਾਜਮਾਨ ਹਨ। ਵੈਸੇ ਲੋਕ ਕਹਿੰਦੇ ਹਨ ਕਿ 'ਸਾਡੇ ਚੋਬੀ ਤੀਰਥੰਕਰ (ਹੀ ਅਰਿਹੰਤ ਹਨ) ਅਤੇ ਇੱਕ ਪਾਸੇ ਪੜ੍ਹਦੇ ਹਨ ਕਿ 'ਨਮੋ ਅਰਿਹੰਤਾਣਮ, ਨਮੋ ਸਿਧਾਣਮ।' ਤਾਂ ਮੈਂ ਉਹਨਾਂ ਨੂੰ ਕਹਿੰਦਾ ਹਾਂ ਕਿ 'ਇਹ ਦੋ ਹਨ?' ਤਾਂ ਕਹਿੰਦੇ ਹਨ ਕਿ, 'ਹਾਂ, ਦੋ ਹਨ।' ਮੈਂ ਕਿਹਾ, 'ਅਰਿਹੰਤ ਦੇ ਬਾਰੇ ਦੱਸੋ ਜ਼ਰਾ।' ਤਾਂ ਕਹਿੰਦੇ ਹਨ ਕਿ, 'ਇਹ ਚੌਵੀ ਤੀਰਥੰਕਰ ਹੀ ਅਰਿਹੰਤ ਹਨ।' ਓਏ, ਉਹ

ਤਾਂ ਸਿੱਧ ਹੋ ਗਏ ਹਨ। ਉਹ ਤਾਂ ਹੁਣ ਸਿੱਧਖੇਤਰ ਵਿੱਚ ਹਨ। ਤੁਸੀਂ ਸਿੱਧ ਨੂੰ ਅਰਿਹੰਤ ਕਹਿੰਦੇ ਹੋ? ਅਰਿਹੰਤ ਕਿਸਨੂੰ ਕਹਿੰਦੇ ਹੋਣਗੇ ਇਹ ਲੋਕ?

**ਪ੍ਰਸ਼ਨਕਰਤਾ :** ਉਹ ਸਭ ਚੌਵੀ ਤੀਰਥੰਕਰ ਤਾਂ ਸਿੱਧ ਹੋ ਚੁੱਕੇ ਹਨ।

**ਦਾਦਾਸ਼੍ਰੀ :** ਤਾਂ ਫਿਰ ਤੁਸੀ ਕਹਿੰਦੇ ਨਹੀ ਹੋ ਲੋਕਾਂ ਨੂੰ ਕਿ ਭਾਈ, ਜੋ ਸਿੱਧ ਹੋ ਚੁੱਕੇ ਹਨ, ਉਹਨਾਂ ਨੂੰ ਅਰਿਹੰਤ ਕਿਉਂ ਕਹਿੰਦੇ ਹੋ? ਇਹ ਤਾਂ ਦੂਸਰੇ ਪਦ ਵਿੱਚ ਸਿੱਧਾਣਮ ਵਿੱਚ ਆਉਂਦੇ ਹਨ। ਅਰਿਹੰਤ ਦਾ ਪਦ ਖਾਲੀ ਰਿਹਾ, ਉਸੇ ਨਾਲ ਇਹ ਪਰੇਸ਼ਾਨੀ ਹੈ ਨਾ! ਇਸ ਲਈ ਅਸੀਂ ਕਹਿੰਦੇ ਹਾਂ ਕਿ ਅਰਿਹੰਤ ਨੂੰ ਸਥਾਪਿਤ ਕਰੋ, ਸੀਮੰਧਰ ਸਵਾਮੀ ਨੂੰ ਸਥਾਪਿਤ ਕਰੋ। ਏਦਾਂ ਕਿਉਂ ਕਹਿੰਦੇ ਹਾਂ ਤੁਹਾਨੂੰ ਸਮਝ ਵਿੱਚ ਆਇਆ? ਇਹ ਚੌਵੀ ਤੀਰਥੰਕਰ ਸਿੱਧ ਕਹਾਉਣਗੇ ਜਾਂ ਅਰਿਹੰਤ? ਹੁਣ ਉਹਨਾਂ ਦੀ ਦਸ਼ਾ ਸਿੱਧ ਹੈ ਜਾਂ ਅਰਿਹੰਤ ਹੈ?

**ਪ੍ਰਸ਼ਨਕਰਤਾ :** ਹੁਣ ਸਿੱਧ ਗਤੀ ਵਿੱਚ ਹਨ।

**ਦਾਦਾਸ਼੍ਰੀ :** ਸਿੱਧ ਹਨ ਨਾ? ਤੁਹਾਨੂੰ ਵਿਸ਼ਵਾਸ ਹੈ ਨਾ? ਸ਼ਤ-ਪ੍ਰਤੀਸ਼ਤ ਹੈ ਨਾ?

**ਪ੍ਰਸ਼ਨਕਰਤਾ :** ਹਾਂ, ਸ਼ਤ-ਪ੍ਰਤੀਸ਼ਤ।

**ਦਾਦਾਸ਼੍ਰੀ :** ਇਸ ਲਈ ਉਹਨਾਂ ਨੂੰ ਸਿੱਧਾਣਮ ਵਿੱਚ ਰੱਖਿਆ ਹੈ। ਸਿੱਧਾਣਮ ਵਿੱਚ ਪਹੁੰਚ ਗਏ ਹਨ। ਉਸ ਤੋਂ ਬਾਅਦ ਹੁਣ ਅਰਿਹੰਤਾਣਮ ਵਿੱਚ ਕੌਣ ਹੈ? ਅਰਿਹੰਤਾਣਮ ਯਾਨੀ ਪ੍ਰਤੱਖ, ਹਾਜ਼ਰ ਹੋਣੇ ਚਾਹੀਦੇ ਹਨ। ਪਰ ਹੁਣ ਮਾਨਤਾ ਉਲਟੀ ਚਲ ਰਹੀ ਹੈ। ਚੌਵੀ ਤੀਰਥੰਕਰਾਂ ਨੂੰ ਅਰਿਹੰਤ ਕਿਹਾ ਜਾਂਦਾ ਹੈ। ਪਰ ਜੇ ਸੋਚਿਆ ਜਾਵੇ ਤਾਂ ਉਹ ਲੋਕ ਸਿੱਧ ਹੋ ਚੁੱਕੇ ਹਨ। ਇਸ ਲਈ ਜਦੋਂ 'ਨਮੋ ਸਿੱਧਾਣਮ' ਬੋਲੀਏ ਤਾਂ ਉਸ ਵਿੱਚ ਉਹ ਆ ਹੀ ਜਾਂਦੇ ਹਨ, ਤਾਂ ਅਰਿਹੰਤ ਦਾ ਵਿਭਾਗ ਬਾਕੀ ਰਹਿੰਦਾ ਹੈ। ਇਸ ਲਈ ਪੂਰਾ ਨਵਕਾਰ ਮੰਤਰ ਪਰਿਪੂਰਣ ਨਹੀਂ ਹੁੰਦਾ ਅਤੇ ਅਧੂਰਾ ਰਹਿਣ ਤੇ ਉਸਦੇ ਫ਼ਲ ਦੀ ਪ੍ਰਾਪਤੀ ਨਹੀਂ ਹੁੰਦੀ। ਯਾਨੀ ਕਿ ਹੁਣ ਵਰਤਮਾਨ ਤੀਰਥੰਕਰ ਹੋਣੇ ਚਾਹੀਦੇ ਹਨ। ਅਰਥਾਤ ਵਰਤਮਾਨ ਤੀਰਥੰਕਰ ਸੀਮੰਧਰ ਸਵਾਮੀ ਨੂੰ ਅਰਿਹੰਤ ਮੰਨੀਏ, ਤਾਂ

ਹੀ ਨਮਸਕਾਰ ਮੰਤਰ ਪੂਰਾ ਹੋਵੇਗਾ। ਚੌਵੀ ਤੀਰਥੰਕਰ ਤਾਂ ਸਿੱਧ ਹੋ ਚੁੱਕੇ ਹਨ, ਉਹ ਸਾਰੇ 'ਨਮੋ ਸਿੱਧਾਣਮ' ਵਿੱਚ ਆ ਜਾਂਦੇ ਹਨ। ਜਿਵੇਂ ਕੋਈ ਕਲੈਕਟਰ ਹੋਵੇ ਅਤੇ ਉਹਨਾਂ ਦੇ ਗਵਰਨਰ ਬਣਨ ਤੋਂ ਬਾਅਦ ਅਸੀਂ ਉਹਨਾਂ ਨੂੰ ਕਹੀਏ ਕਿ, 'ਕਲੈਕਟਰ ਸਾਹਿਬ ਇੱਧਰ ਆਓ।' ਤਾਂ ਕਿੰਨਾ ਬੁਰਾ ਲੱਗੇਗਾ, ਨਹੀਂ?

**ਪ੍ਰਸ਼ਨਕਰਤਾ :** ਲਗੇਗਾ ਹੀ।

**ਦਾਦਾਸ਼੍ਰੀ :** ਉਸੇ ਤਰ੍ਹਾਂ ਸਿੱਧ ਨੂੰ ਜੇ ਅਰਿਹੰਤ ਮੰਨੀਏ ਤਾਂ ਬੜਾ ਭਾਰੀ ਨੁਕਸਾਨ ਹੁੰਦਾ ਹੈ। ਉਹਨਾਂ ਦਾ ਨੁਕਸਾਨ ਨਹੀਂ ਹੁੰਦਾ, ਕਿਉਂਕਿ ਉਹ ਤਾਂ ਵੀਤਰਾਗ ਹਨ, ਪਰ ਸਾਡਾ ਭਾਰੀ ਨੁਕਸਾਨ ਹੁੰਦਾ ਹੈ, ਜਬਰਦਸਤ ਨੁਕਸਾਨ ਹੁੰਦਾ ਹੈ।

## ਪਹੁੰਚੇ ਪ੍ਰਤੱਖ ਤੀਰਥੰਕਰਾਂ ਨੂੰ ਹੀ

ਮਹਾਂਵੀਰ ਭਗਵਾਨ ਆਦਿ ਸਾਰੇ ਤੀਰਥੰਕਰ ਮੋਕਸ਼ ਵਿੱਚ ਜਾਣ ਦੇ ਲਈ ਸਾਡੇ ਕੰਮ ਨਹੀਂ ਆਉਣ ਵਾਲੇ, ਉਹ ਤਾਂ ਮੋਕਸ਼ ਵਿੱਚ ਜਾ ਚੁੱਕੇ ਹਨ ਅਤੇ ਅਸੀਂ ਇਹ 'ਨਮੋ ਅਰਿਹੰਤਾਣਮ' ਬੋਲਦੇ ਹਾਂ ਉਹ ਉਹਨਾਂ ਦੇ ਸਬੰਧ ਵਿੱਚ ਨਹੀਂ ਹੈ। ਉਹਨਾਂ ਦਾ ਸਬੰਧ ਤਾਂ 'ਨਮੋ ਸਿੱਧਾਣਮ' ਨਾਲ ਹੈ। ਇਹ 'ਨਮੋ ਅਰਿਹੰਤਾਣਮ' ਜੋ ਅਸੀਂ ਬੋਲਦੇ ਹਾਂ ਉਹ ਕਿਸ ਨੂੰ ਪਹੁੰਚਦਾ ਹੈ? ਹੋਰ ਖੇਤਰਾਂ ਵਿੱਚ ਜਿੱਥੇ-ਜਿੱਥੇ ਅਰਿਹੰਤ ਹਨ ਉਹਨਾਂ ਨੂੰ ਪਹੁੰਚਦਾ ਹੈ। ਮਹਾਂਵੀਰ ਭਗਵਾਨ ਨੂੰ ਨਹੀਂ ਪਹੁੰਚਦਾ। ਡਾਕ ਤਾਂ ਹਮੇਸ਼ਾ ਉਸਦੇ ਪਤੇ ਤੇ ਹੀ ਪਹੁੰਚੇਗੀ। ਜਦੋਂ ਕਿ ਲੋਕ ਕੀ ਸਮਝਦੇ ਹਨ ਕਿ ਇਹ 'ਨਮੋ ਅਰਿਹੰਤਾਣਮ' ਬੋਲ ਕੇ ਅਸੀਂ ਮਹਾਂਵੀਰ ਭਗਵਾਨ ਨੂੰ ਨਮਸਕਾਰ ਪਹੁੰਚਾਉਂਦੇ ਹਾਂ। ਉਹ ਚੌਵੀ ਤੀਰਥੰਕਰ ਤਾਂ ਮੋਕਸ਼ ਵਿੱਚ ਜਾ ਕੇ ਬੈਠੇ ਹਨ, ਉਹ ਤਾਂ 'ਨਮੋ ਸਿੱਧਾਣਮ' ਹੋ ਚੁੱਕੇ ਹਨ। ਉਹ ਭੂਤਕਾਲ ਦੇ ਤੀਰਥੰਕਰ ਕਹਾਉਂਦੇ ਹਨ। ਯਾਨੀ ਕਿ ਅੱਜ ਸਿੱਧ ਭਗਵਾਨ ਕਹਾਉਂਦੇ ਹਨ ਅਤੇ ਜੋ ਵਰਤਮਾਨ ਤੀਰਥੰਕਰ ਹਨ, ਉਹਨਾਂ ਨੂੰ ਅਰਿਹੰਤ ਕਿਹਾ ਜਾਂਦਾ ਹੈ।

## ਬੁੱਧੀ ਨਾਲ ਵੀ ਸਮਝ ਵਿੱਚ ਆ ਜਾਵੇ ਇਹ ਗੱਲ

**ਪ੍ਰਸ਼ਨਕਰਤਾ :** ਅਰਿਹੰਤਾਣਮ ਬੋਲਦੇ ਤਾਂ ਹਾਂ, ਅਰਿਹੰਤ ਤਾਂ ਇਹ ਸੀਮੰਧਰ ਸਵਾਮੀ ਹੀ ਹਨ, ਇਹ ਗੱਲ ਅੱਜ ਸਮਝ ਵਿੱਚ ਆਈ।

**ਦਾਦਾਸ਼੍ਰੀ :** ਪੂਰਾ ਕੱਦੂ ਸਬਜ਼ੀ ਵਿੱਚ ਗਿਆ! ਲੌਕੀ ਦੀ ਸਬਜ਼ੀ ਕੱਟੀ ਅਤੇ ਸਾਬਤਾ ਕੱਦੂ ਉਸ ਵਿੱਚ ਚਲਾ ਗਿਆ! ਏਦਾਂ ਹੀ ਚੱਲਦਾ ਰਹਿੰਦਾ ਹੈ... ਕੀ ਕਰੇ ਫਿਰ?

ਤੁਹਾਨੂੰ, ਇੱਕ ਵਕੀਲ ਦੀ ਹੈਸੀਅਤ ਨਾਲ ਕਿਵੇਂ ਦਾ ਲੱਗੇਗਾ?

**ਪ੍ਰਸ਼ਨਕਰਤਾ :** ਉਹ ਗੱਲ ਸਮਝ ਵਿੱਚ ਆ ਗਈ, ਦਾਦਾ ਜੀ। ਵਕੀਲ ਦੀ ਹੈਸੀਅਤ ਨਾਲ ਤਾਂ ਠੀਕ ਹੈ ਪਰ ਮੈਂ ਜੈਨ ਧਰਮ ਦਾ ਪੱਕਾ ਅਨੁਯਾਈ ਹਾਂ, ਇਸ ਲਈ ਮੈਨੂੰ ਗੱਲ ਸਮਝ ਵਿੱਚ ਆ ਗਈ। ਤੁਸੀਂ ਜੋ ਗੱਲ ਦੱਸੀ ਉਸ ਗੱਲ ਤੋਂ ਜੇ ਕੋਈ ਜੈਨ ਹੋਵੇ ਅਤੇ ਚੰਗੀ ਤਰ੍ਹਾਂ ਸਮਝਦਾ ਹੋਵੇ, ਤਾਂ ਉਸਦੀ ਸਮਝ ਵਿੱਚ ਇਹ ਆ ਜਾਵੇਗਾ ਕਿ ਵਰਤਮਾਨ ਵਿੱਚ ਜੋ ਵਿਚਰਣ ਕਰਦੇ ਹਨ, ਉਹ ਹੀ ਤੀਰਥੰਕਰ ਕਹਾਉਂਦੇ ਹਨ। ਇਸ ਲਈ ਅਰਿਹੰਤਾਂ ਨੂੰ ਸਿੱਧਾਂ ਤੋਂ ਪਹਿਲਾਂ ਰੱਖਿਆ ਗਿਆ ਹੈ।

## ਉਹ ਕਿਤੇ ਵੀ ਹੋਣ, ਫਿਰ ਵੀ ਪ੍ਰਤੱਖ ਹੀ

**ਪ੍ਰਸ਼ਨਕਰਤਾ :** ਉਹ ਲੋਕ ਏਦਾਂ ਮੰਨਦੇ ਹੋਣਗੇ ਨਾ ਕਿ ਸੀਮੰਧਰ ਸਵਾਮੀ ਪਰਦੇਸ ਵਿੱਚ ਹਨ?

**ਦਾਦਾਸ਼੍ਰੀ :** ਉਹ ਨਹੀਂ ਦੇਖਣਾ ਕਿ ਵਰਤਮਾਨ ਤੀਰਥੰਕਰ ਕਿੱਥੇ ਹਨ? ਉਹ ਚਾਹੇ ਪਰਦੇਸ ਵਿੱਚ ਹੋਣ ਜਾਂ ਕਿਤੇ ਵੀ ਹੋਣ। ਏਦਾਂ ਦੇਖੀਏ ਤਾਂ ਉਹ ਪਹਿਲਾਂ ਬਿਹਾਰ ਵਿੱਚ ਸਨ, ਉਸ ਤੋਂ ਇਹਨਾਂ ਚਰੋਤਰ ਵਾਲਿਆਂ (ਗੁਜਰਾਤ) ਨੂੰ ਕੀ ਲੈਣਾ-ਦੇਣਾ? ਗੱਡੀਆਂ ਨਹੀਂ ਸਨ, ਕੁੱਝ ਵੀ ਨਹੀਂ ਸੀ, ਤਾਂ ਫਿਰ ਉਦੋਂ ਕੀ ਲੈਣਾ-ਦੇਣਾ? ਪਰ ਨਹੀਂ, ਇੱਥੇ ਬੈਠੇ-ਬੈਠੇ ਉਹਨਾਂ ਦਾ ਨਾਮ ਜਪਦੇ ਰਹੀਏ। ਸਿਰਫ਼ ਪਤਾ ਹੀ ਚੱਲੇ ਕਿ ਤੀਰਥੰਕਰ ਹਨ। ਬੇਸ਼ੱਕ ਕਿੰਨੇ ਹੀ ਦੂਰ

ਹੋਣ ਪਰ ਕਿਸੇ ਜਗ੍ਹਾ ਹੁਣ ਹੈਂ ਜਾਂ ਨਹੀਂ? ਤਾਂ ਕਹੀਏ, 'ਹਾਂ, ਹੈਂ।' ਤਾਂ ਉਹ ਵਰਤਮਾਨ ਤੀਰਥੰਕਰ ਕਹਾਉਂਣਗੇ।

ਅਸੀਂ ਜੇ ਅਰਿਹੰਤ ਨੂੰ ਨਾ ਦੇਖਿਆ ਹੋਵੇ, ਮਹਾਂਵੀਰ ਭਗਵਾਨ ਦੇ ਸਮੇਂ ਵਿੱਚ ਉਹਨਾਂ ਨੂੰ ਨਾ ਦੇਖਿਆ ਹੋਵੇ, ਭਗਵਾਨ ਮਹਾਂਵੀਰ ਉਸ ਪਾਸੇ (ਬਿਹਾਰ ਵਿੱਚ) ਹੋਣ ਅਤੇ ਅਸੀਂ ਇਸ ਪਾਸੇ (ਗੁਜਰਾਤ ਵਿੱਚ) ਹੋਈਏ, ਪਰ ਉਹ ਅਰਿਹੰਤ ਹੀ ਕਹਾਉਣਗੇ। ਅਸੀਂ ਨਹੀਂ ਦੇਖਿਆ ਤਾਂ ਉਸ ਨਾਲ ਕੁੱਝ ਵਿਗੜ ਨਹੀਂ ਜਾਂਦਾ। ਅਰਥਾਤ ਅਰਿਹੰਤ ਨੂੰ ਅਰਿਹੰਤ ਮੰਨਾਗੇ ਤਾਂ ਬਹੁਤ ਫ਼ਲ ਪ੍ਰਾਪਤ ਹੋਵੇਗਾ ਨਹੀਂ ਤਾਂ ਉਸਦੀ ਮਿਹਨਤ (ਸਿੱਧ ਨੂੰ ਅਰਿਹੰਤ ਕਹਿਣਾ) ਤਾਂ ਬੇਕਾਰ ਜਾਂਦੀ ਹੈ। ਵਿਫ਼ਲ ਹੋ ਜਾਂਦਾ ਹੈ, ਮਿਹਨਤ ਬੇਕਾਰ ਚਲੀ ਜਾਂਦੀ ਹੈ। ਨਵਕਾਰ ਮੰਤਰ ਫ਼ਲਦਾਈ ਨਹੀਂ ਹੁੰਦਾ, ਉਸਦੀ ਵਜ੍ਹਾ ਇਹੀ ਹੈ।

## ਤੀਰਥੰਕਰ ਕਿਸ ਨੂੰ ਕਹਾਂਗੇ?

ਤੀਰਥੰਕਰ ਭਗਵਾਨ ਕੇਵਲਗਿਆਨ ਸਹਿਤ ਹੋਣਗੇ। ਕੇਵਲਗਿਆਨ ਤਾਂ ਦੂਸਰਿਆਂ ਨੂੰ ਹੁੰਦਾ ਹੈ, ਕੇਵਲੀਆਂ ਨੂੰ ਵੀ ਹੁੰਦਾ ਹੈ। ਪਰ ਤੀਰਥੰਕਰ ਦੇ ਲਈ ਤੀਰਥੰਕਰ (ਗੋਤਰ) ਕਰਮ ਦਾ ਉਦੈ ਚਾਹੀਦਾ ਹੈ। ਜਿੱਥੇ ਉਹਨਾਂ ਦੇ ਪੈਰ ਪੈਣ ਉਹ ਸਥਾਨ ਤੀਰਥ ਬਣ ਜਾਂਦਾ ਹੈ। ਜਿਸ ਕਾਲ ਵਿੱਚ ਤੀਰਥੰਕਰ ਭਗਵਾਨ ਹੁੰਦੇ ਹਨ ਨਾ, ਤਾਂ ਸਾਰੀ ਦੁਨੀਆਂ ਵਿੱਚ ਉਹਨਾਂ ਵਰਗਾ ਨਾ ਤਾਂ ਕਿਸੇ ਦਾ ਪੁੰਨ ਹੁੰਦਾ ਹੈ, ਨਾ ਹੀ ਕਿਸੇ ਦੇ ਉਸ ਤਰ੍ਹਾਂ ਦੇ ਪਰਮਾਣੂ ਹੁੰਦੇ ਹਨ। ਉਹਨਾਂ ਦੇ ਸ਼ਰੀਰ ਦੇ ਪਰਮਾਣੂ, ਉਹਨਾਂ ਦੀ ਬਾਣੀ ਦੇ ਪਰਮਾਣੂ, ਓਏ! ਸਿਆਦਵਾਦ ਬਾਣੀ! ਸੁਣਦੇ ਹੀ ਸਭ ਦੇ ਹਿਰਦੇ ਤ੍ਰਿਪਤ ਹੋ ਜਾਣ, ਇਹੋ ਜਿਹੇ ਉਹ ਤੀਰਥੰਕਰ ਮਹਾਰਾਜ!

ਅਰਿਹੰਤ ਤਾਂ ਬਹੁਤ ਵੱਡਾ ਰੂਪ ਹੈ। ਸਾਰੇ ਬ੍ਰਹਿਮਾਂਡ ਵਿੱਚ ਉਸ ਘੜੀ ਉਸ ਤਰ੍ਹਾਂ ਦੇ ਪਰਮਾਣੂ ਕਿਸੇ ਦੇ ਨਹੀਂ ਹੁੰਦੇ। ਸਾਰੇ ਉੱਚਤਮ ਪਰਮਾਣੂ ਸਿਰਫ਼ ਉਹਨਾਂ ਦੇ ਹੀ ਸ਼ਰੀਰ ਵਿੱਚ ਇਕੱਠੇ ਹੋਏ ਹੁੰਦੇ ਹਨ। ਤਾਂ ਉਹ ਸ਼ਰੀਰ ਕਿਹੋ ਜਿਹਾ ਹੋਵੇਗਾ? ਉਹ ਬਾਣੀ ਕਿਹੋ ਜਿਹੀ? ਉਹ ਰੂਪ ਕਿਹੋ ਜਿਹਾ? ਉਹਨਾਂ ਸਭ ਗੱਲਾਂ ਦਾ ਕੀ ਕਹਿਣਾ! ਉਹਨਾਂ ਦੀ ਤਾਂ ਗੱਲ ਹੀ ਅਲੱਗ ਹੈ ਨਾ!

ਅਰਥਾਤ ਉਹਨਾਂ ਦੀ ਤੁਲਨਾ ਤਾਂ ਕਰਨਾ ਹੀ ਨਹੀਂ, ਕਿਸੇ ਦੇ ਨਾਲ! ਤੀਰਥੰਕਰ ਦੀ ਤੁਲਨਾ ਕਿਸੇ ਦੇ ਨਾਲ ਨਹੀਂ ਕੀਤੀ ਜਾ ਸਕਦੀ, ਉਹ ਇਹੋ ਜਿਹੀ ਗਜ਼ਬ ਦੀ ਮੂਰਤੀ ਕਹਾਉਂਦੇ ਹਨ। ਚੌਵੀ ਤੀਰਥੰਕਰ ਹੋ ਗਏ, ਪਰ ਉਹ ਸਭ ਗਜ਼ਬ ਦੀਆਂ ਮੂਰਤੀਆਂ!

## ਬੰਧਨ ਰਿਹਾ, ਅਘਾਤੀ ਕਰਮ ਦਾ

**ਪ੍ਰਸ਼ਨਕਰਤਾ :** ਅਰਿਹੰਤ ਭਗਵਾਨ ਅਰਥਾਤ ਮੋਕਸ਼ ਤੋਂ ਪਹਿਲਾਂ ਦੀ ਸਥਿਤੀ?

**ਦਾਦਾਸ਼੍ਰੀ :** ਹਾਂ, ਅਰਿਹੰਤ ਭਗਵਾਨ ਅਰਥਾਤ ਮੋਕਸ਼ ਤੋਂ ਪਹਿਲਾਂ ਦੀ ਸਥਿਤੀ। ਗਿਆਨ ਵਿੱਚ ਸਿੱਧ ਭਗਵਾਨ ਵਰਗੀ ਹੀ ਸਥਿਤੀ ਹੈ, ਪਰ ਬੰਧਨ ਦੇ ਰੂਪ ਵਿੱਚ ਇੰਨਾ ਬਾਕੀ ਰਹਿ ਗਿਆ ਹੈ। ਜਿਵੇਂ ਦੋ ਆਦਮੀਆਂ ਨੂੰ ਸੱਠ ਸਾਲ ਦੀ ਸਜ਼ਾ ਸੁਣਾਈ ਸੀ ਤਾਂ ਇੱਕ ਆਦਮੀ ਨੂੰ ਜਨਵਰੀ ਦੀ ਪਹਿਲੀ ਤਾਰੀਖ ਨੂੰ ਸੁਣਾਈ ਸੀ ਅਤੇ ਦੂਸਰੇ ਆਦਮੀ ਨੂੰ ਜਨਵਰੀ ਦੀ ਤੀਸਰੀ ਤਾਰੀਖ ਨੂੰ ਸੁਣਾਈ ਸੀ। ਪਹਿਲੇ ਦੇ ਸੱਠ ਸਾਲ ਪੂਰੇ ਹੋ ਗਏ ਅਤੇ ਉਹ ਰਿਹਾ ਹੋ ਗਿਆ। ਦੂਸਰਾ ਦੋ ਦਿਨ ਬਾਅਦ ਰਿਹਾ ਹੋਵੇਗਾ। ਪਰ ਉਹ ਮੁਕਤ ਹੀ ਕਹਾਵੇਗਾ ਨਾ? ਇਸ ਤਰ੍ਹਾਂ ਦੀ ਉਹਨਾਂ ਦੀ ਸਥਿਤੀ ਹੈ!

## ਨਮੋ ਸਿੱਧਾਣਮ

ਫਿਰ ਦੂਸਰੇ ਕੌਣ ਹਨ?

**ਪ੍ਰਸ਼ਨਕਰਤਾ :** 'ਨਮੋ ਸਿੱਧਾਣਮ'।

**ਦਾਦਾਸ਼੍ਰੀ :** ਹੁਣ ਜੋ ਇੱਥੇ ਤੋਂ ਸਿੱਧ ਹੋ ਚੁੱਕੇ ਹਨ, ਜਿਹਨਾਂ ਦਾ ਇੱਥੇ ਦੇਹ ਵੀ ਛੁੱਟ ਗਿਆ ਹੈ ਅਤੇ ਫਿਰ ਤੋਂ ਦੇਹ ਪ੍ਰਾਪਤ ਨਹੀਂ ਹੋਣਵਾਲਾ ਅਤੇ ਸਿੱਧ ਗਤੀ ਵਿੱਚ ਨਿਰੰਤਰ ਸਿੱਧ ਭਗਵਾਨ ਦੀ ਸਥਿਤੀ ਵਿੱਚ ਸਥਿਤ ਹਨ, ਇਹੋ ਜਿਹੇ ਸਿੱਧ ਭਗਵਾਨ ਨੂੰ ਮੈਂ ਨਮਸਕਾਰ ਕਰਦਾ ਹਾਂ।

ਹੁਣ ਇੱਥੇ ਤੋਂ ਰਾਮਚੰਦਰ ਜੀ, ਰਿਸ਼ਭਦੇਵ ਭਗਵਾਨ, ਮਹਾਂਵੀਰ ਭਗਵਾਨ ਆਦਿ ਸਭ ਜੋ ਛੱਠਰਿਪੂ ਨੂੰ ਜਿੱਤ ਕੇ ਸਿੱਧ ਗਤੀ ਵਿੱਚ ਗਏ ਅਰਥਾਤ ਉੱਥੇ ਨਿਰੰਤਰ ਸਿੱਧ ਦਸ਼ਾ ਵਿੱਚ ਰਹਿੰਦੇ ਹਨ, ਉਹਨਾਂ ਨੂੰ ਨਮਸਕਾਰ ਕਰਦਾ ਹਾਂ। ਇਸ ਵਿੱਚ ਕੀ ਹਰਜ਼ ਹੈ, ਬੋਲੋ! ਇਸ ਵਿੱਚ ਕੁੱਝ ਹਰਜ਼ ਹੈ?

ਹੁਣ ਉਹ ਪਹਿਲਾਂ ਵਾਲੇ ਉੱਚੇ ਜਾਂ ਦੂਸਰੇ, ਜੋ ਹੁਣ ਬੋਲਣ ਉਹ ਉੱਚੇ? ਇਹ ਤਾਂ ਦੇਹ ਤਿਆਗ ਕੇ ਸਿੱਧ ਹੋ ਚੁੱਕੇ ਹਨ, ਪੂਰੀ ਤਰ੍ਹਾਂ ਮੁਕਤ ਹੋਏ ਹਨ। ਹੁਣ ਇਹਨਾਂ ਦੋਵਾਂ ਵਿੱਚ ਉੱਚਾ ਕੌਣ ਅਤੇ ਨੀਵਾਂ ਕੌਣ? ਤੁਹਾਨੂੰ ਕੀ ਲੱਗਦਾ ਹੈ? ਬਹੁਤ ਸੋਚਣ ਨਾਲ ਨਹੀਂ ਮਿਲੇਗਾ, ਆਪਣੇ ਆਪ ਸਹਿਜ ਰੂਪ ਵਿੱਚ ਦੱਸ ਦਿਓ ਨਾ!

**ਪ੍ਰਸ਼ਨਕਰਤਾ :** ਸਭ ਇੱਕ ਸਮਾਨ, ਨਮਸਕਾਰ ਕੀਤਾ ਇਸ ਲਈ ਸਭ ਸਮਾਨ। ਹੁਣ ਉਹਨਾਂ ਵਿੱਚ ਸ਼ਰੇਸ਼ਠਤਾ ਜਾਂ ਨਿਮਨਤਾ ਅਸੀਂ ਕਿਵੇਂ ਤੈਅ ਕਰ ਸਕਦੇ ਹਾਂ?

**ਦਾਦਾਸ਼੍ਰੀ :** ਪਰ ਇਹਨਾਂ ਲੋਕਾਂ ਨੇ ਪਹਿਲਾ ਨੰਬਰ ਨਮੋ ਅਰਿਹੰਤਾਣਮ ਦਾ ਲਿਖਿਆ ਅਤੇ ਸਿੱਧਾਣ ਦਾ ਦੂਸਰਾ ਨੰਬਰ ਲਿਖਿਆ, ਉਸਦੀ ਕੋਈ ਵਜ੍ਹਾ ਤੁਹਾਡੀ ਸਮਝ ਵਿੱਚ ਆਈ?

ਉਹ ਕੀ ਕਹਿੰਦੇ ਹਨ ਕਿ ਜੋ ਸਿੱਧ ਹੋਏ ਉਹ ਸੰਪੂਰਣ ਹਨ। ਉਹ ਉੱਥੇ ਸਿੱਧ ਗਤੀ ਵਿੱਚ ਜਾ ਬੈਠੇ ਹਨ, ਪਰ ਉਹ ਸਾਡੇ ਕੁੱਝ ਕੰਮ ਨਹੀਂ ਆਉਂਦੇ। ਸਾਨੂੰ ਤਾਂ 'ਇਹ' (ਅਰਿਹੰਤ) ਕੰਮ ਆਉਂਦੇ ਹਨ, ਇਸ ਲਈ ਉਹਨਾਂ ਦਾ ਪਹਿਲਾ ਨੰਬਰ ਅਤੇ ਸਿੱਧ ਭਗਵਾਨ ਦਾ ਦੂਸਰਾ ਨੰਬਰ ਹੈ।

ਜਿੱਥੇ ਸਿੱਧ ਭਗਵੰਤ ਹਨ, ਉੱਥੇ ਜਾਣਾ ਹੈ। ਇਸ ਲਈ ਤਾਂ ਉਹ ਸਾਡਾ ਲਕਸ਼ ਹੈ। ਪਰ ਉਪਕਾਰੀ ਕੌਣ ਹੈ? ਅਰਿਹੰਤ। ਉਹਨਾਂ ਨੇ ਖੁਦ ਨੇ ਛੇ ਦੁਸ਼ਮਣਾਂ ਨੂੰ ਜਿੱਤਿਆ ਹੈ ਅਤੇ ਸਾਨੂੰ ਜਿੱਤਣ ਦਾ ਰਸਤਾ ਦਿਖਾਉਂਦੇ ਹਨ, ਆਸ਼ੀਰਵਾਦ ਦਿੰਦੇ ਹਨ। ਇਸ ਲਈ ਉਹਨਾਂ ਨੂੰ ਪਹਿਲਾਂ ਰੱਖਿਆ। ਉਹਨਾਂ ਨੂੰ ਬਹੁਤ ਉਪਕਾਰੀ ਮੰਨਿਆ। ਅਰਥਾਤ ਸਾਡੇ ਲੋਕ ਪ੍ਰਗਟ ਨੂੰ ਉਪਕਾਰੀ ਮੰਨਦੇ ਹਨ।

## ਅੰਤਰ, ਅਰਿਹੰਤ ਅਤੇ ਸਿੱਧ ਵਿੱਚ

**ਪ੍ਰਸ਼ਨਕਰਤਾ :** ਕੀ ਸਿੱਧ ਭਗਵਾਨ ਕਿਸੇ ਤਰ੍ਹਾਂ ਮਾਨਵ ਜੀਵਨ ਦੇ ਕਲਿਆਣ ਹੇਤੂ ਪ੍ਰਵ੍ਰਿਤ ਹੁੰਦੇ ਹਨ?

**ਦਾਦਾਸ਼੍ਰੀ :** ਨਹੀਂ। ਸਿੱਧ ਤਾਂ ਤੁਹਾਡਾ ਟੀਚਾ ਹੈ, ਪਰ ਫਿਰ ਵੀ ਉਹ ਤੁਹਾਨੂੰ ਕੁੱਝ ਹੈਲਪ ਕਰਨ ਵਾਲੇ ਨਹੀਂ ਹਨ। ਉਹ ਤਾਂ ਇੱਥੇ ਜਦੋਂ ਗਿਆਨੀ ਹੋਣ ਜਾਂ ਤੀਰਥੰਕਰ ਹੋਣ ਤਾਂ, ਉਹ ਤੁਹਾਨੂੰ ਹੈਲਪ ਕਰਨਗੇ, ਉਹ ਮੱਦਦ ਕਰਨਗੇ, ਤੁਹਾਡੀ ਭੁੱਲ ਦਿਖਾਉਣਗੇ, ਤੁਹਾਨੂੰ ਰਾਹ ਦਿਖਾਉਣਗੇ, ਤੁਹਾਡਾ ਸਵਰੂਪ ਦਿਖਾਉਣਗੇ।

**ਪ੍ਰਸ਼ਨਕਰਤਾ :** ਤਾਂ ਇਹ ਸਿੱਧ ਦੇਹਧਾਰੀ ਨਹੀਂ ਹਨ?

**ਦਾਦਾਸ਼੍ਰੀ :** ਸਿੱਧ ਭਗਵਾਨ ਦੇਹਧਾਰੀ ਨਹੀਂ ਹੁੰਦੇ, ਉਹ ਤਾਂ ਪਰਮਾਤਮਾ ਕਹਾਉਂਦੇ ਹਨ। ਇਹ ਜੋ ਸਿੱਧ ਪੁਰਖ ਹੁੰਦੇ ਹਨ ਨਾ, ਉਹ ਤਾਂ ਮਨੁੱਖ ਹੀ ਕਹਾਉਂਦੇ ਹਨ। ਉਹਨਾਂ ਨੂੰ ਤੁਸੀਂ ਗਾਲ਼ ਕੱਢੋਗੇ ਤਾਂ ਉਹ ਸਿੱਧ ਪੁਰਖ ਤਾਂ ਘਮਾਸਾਣ ਮਚਾ ਦੇਣਗੇ, ਨਹੀਂ ਤਾਂ ਤੁਹਾਨੂੰ ਸ਼ਰਾਪ ਦੇ ਦੇਣਗੇ।

**ਪ੍ਰਸ਼ਨਕਰਤਾ :** ਅਰਿਹੰਤ ਅਤੇ ਸਿੱਧ ਵਿੱਚ ਕੀ ਫ਼ਰਕ ਹੈ?

**ਦਾਦਾਸ਼੍ਰੀ :** ਸਿੱਧ ਭਗਵਾਨ ਨੂੰ ਸ਼ਰੀਰ ਦਾ ਬੋਝ ਨਹੀਂ ਉਠਾਉਣਾ ਪੈਂਦਾ। ਅਰਿਹੰਤ ਨੂੰ ਸ਼ਰੀਰ ਦਾ ਬੋਝ ਚੁੱਕ ਕੇ ਚੱਲਣਾ ਪੈਂਦਾ ਹੈ। ਉਹਨਾਂ ਨੂੰ ਖੁਦ ਨੂੰ ਸ਼ਰੀਰ ਬੋਝ ਰੂਪ ਲੱਗਦਾ ਹੈ, ਜਿਵੇਂ ਇੰਨਾ ਵੱਡਾ ਘੜਾ ਸਿਰ ਤੇ ਰੱਖ ਕੇ ਇੱਧਰ-ਉੱਧਰ ਘੁੰਮ ਰਹੇ ਹੋਣ। ਕੁੱਝ ਕਰਮ ਬਾਕੀ ਹਨ, ਉਹਨਾਂ ਨੂੰ ਪੂਰਾ ਕੀਤੇ ਬਿਨਾਂ ਉਹ ਸਿੱਧ ਗਤੀ ਵਿੱਚ ਨਹੀਂ ਜਾ ਸਕਦੇ। ਯਾਨੀ ਉਨੇ ਕਰਮ ਭੁਗਤਣੇ ਬਾਕੀ ਹਨ।

## ਨਮੋ ਆਯਰਿਯਾਣ...

ਇਹ ਦੋ ਹੋਏ, ਹੁਣ?

**ਪ੍ਰਸ਼ਨਕਰਤਾ :** 'ਨਮੋ ਆਯਰਿਯਾਣ'।

**ਦਾਦਾਸ਼੍ਰੀ :** ਅਰਿਹੰਤ ਭਗਵਾਨ ਦੇ ਦੱਸੇ ਹੋਏ ਆਚਾਰ ਦਾ ਜੋ ਪਾਲਣ ਕਰਦੇ ਹਨ ਅਤੇ ਉਹਨਾਂ ਆਚਾਰਾਂ ਦਾ ਪਾਲਣ ਕਰਵਾਉਂਦੇ ਹਨ, ਇਹੋ ਜਿਹੇ ਆਚਾਰਿਆ ਭਗਵਾਨ ਨੂੰ ਨਮਸਕਾਰ ਕਰਦਾ ਹਾਂ।

ਉਹਨਾਂ ਨੇ ਖੁਦ ਆਤਮਾ ਦੀ ਪ੍ਰਾਪਤੀ ਕੀਤੀ ਹੈ, ਆਤਮ ਦਸ਼ਾ ਪ੍ਰਗਟ ਹੋਈ ਹੈ। ਉਹ ਸੰਯਮ ਸਹਿਤ ਹੈ। ਪਰ ਇੱਥੇ ਅੱਜਕੱਲ ਜੋ ਆਚਾਰਿਆ ਹਨ ਉਹ (ਸੱਚੇ) ਆਚਾਰਿਆ ਨਹੀਂ ਹਨ। ਇਹ ਤਾਂ, ਜ਼ਰਾ ਅਪਮਾਨ ਕਰਨ ਤੇ ਤੁਰੰਤ ਹੀ ਕ੍ਰੋਧਿਤ ਹੋ ਜਾਂਦੇ ਹਨ। ਅਰਥਾਤ ਇਹੋ ਜਿਹੇ ਆਚਾਰਿਆ ਨਹੀਂ ਹੋਣੇ ਚਾਹੀਦੇ। ਉਹਨਾਂ ਦੀ ਦ੍ਰਿਸ਼ਟੀ ਵਿੱਚ ਪਰਿਵਰਤਨ ਨਹੀਂ ਆਇਆ ਹੈ। ਦ੍ਰਿਸ਼ਟੀ ਪਰਿਵਰਤਨ ਹੋਣ ਤੋਂ ਬਾਅਦ ਕੰਮ ਹੋਵੇਗਾ। ਜੋ ਮਿਥਿਆ ਦ੍ਰਿਸ਼ਟੀ ਵਾਲੇ ਹਨ, ਉਹਨਾਂ ਨੂੰ ਆਚਾਰਿਆ ਨਹੀ ਕਿਹਾ ਜਾ ਸਕਦਾ। ਸਮਕਿਤ (ਆਤਮ ਦ੍ਰਿਸ਼ਟੀ) ਹੋਣ ਤੋਂ ਬਾਅਦ ਜੋ ਆਚਾਰਿਆ ਬਣੇ, ਉਹ ਆਚਾਰਿਆ ਕਹਾਉਂਦੇ ਹਨ।

ਆਚਾਰਿਆ ਭਗਵਾਨ ਕਿਹੜੇ? ਇਹ ਜੋ ਦਿਖਾਈ ਦਿੰਦੇ ਹਨ, ਲੌਕਿਕ ਧਰਮਾਂ ਦੇ ਆਚਾਰਿਆ, ਉਹ ਨਹੀਂ। ਸੁੱਖ ਦੀ ਜਿਸ ਨੂੰ ਕਿਸੇ ਵੀ ਤਰ੍ਹਾਂ ਦੀ ਇੱਛਾ ਨਹੀ ਹੈ ਅਤੇ ਨਿਜ ਆਤਮਾ ਦੇ ਸੁੱਖ ਦੇ ਹੇਤੂ ਹੀ ਆਚਾਰਾਂ ਦਾ ਪਾਲਣ ਕਰਦੇ ਹਨ। ਆਯਰਿਯਾਣ ਅਰਥਾਤ ਜਿਸ ਨੂੰ ਆਤਮਾ ਜਾਣਨ ਤੋਂ ਬਾਅਦ ਆਚਾਰਿਆਪਨ (ਖੁਦ ਆਚਾਰਾਂ ਦਾ ਪਾਲਣ ਕਰਦੇ ਹਨ ਅਤੇ ਦੂਸਰਿਆਂ ਤੋਂ ਪਾਲਣ ਕਰਵਾਉਂਦੇ ਹਨ) ਹੈ, ਇਹੋ ਜਿਹੇ ਆਚਾਰਿਆ ਭਗਵਾਨ ਨੂੰ ਨਮਸਕਾਰ ਕਰਦਾ ਹਾਂ। ਕੀ ਇਸ ਵਿੱਚ ਹਰਜ਼ ਹੈ? ਕੀ ਤੁਹਾਨੂੰ ਇਸ ਵਿੱਚ ਕੁੱਝ ਆਪੱਤੀ (ਹਰਜ਼) ਹੈ? ਫਿਰ ਬੇਸ਼ੱਕ ਹੀ ਕੋਈ ਵੀ ਹੋਵੇ, ਕਿਸੇ ਵੀ ਜਾਤੀ ਦਾ ਹੋਵੇ, ਪਰ ਜਿਸ ਨੂੰ ਆਤਮ ਗਿਆਨ ਹੋਇਆ ਹੈ, ਇਹੋ ਜਿਹੇ ਆਚਾਰਿਆ ਨੂੰ ਨਮਸਕਾਰ ਕਰਦਾ ਹਾਂ।

ਹੁਣ ਵਰਤਮਾਨ ਵਿੱਚ ਇਹੋ ਜਿਹੇ ਆਚਾਰਿਆ ਇਸ ਜਗਤ ਵਿੱਚ ਸਭ ਜਗ੍ਹਾ ਤੇ ਨਹੀਂ ਹਨ, ਪਰ ਕੁੱਝ ਜਗ੍ਹਾ ਹਨ। ਪਰ ਇਹੋ ਜਿਹੇ ਆਚਾਰਿਆ ਇੱਥੇ ਨਹੀਂ ਹਨ। ਸਾਡੀ ਧਰਤੀ ਤੇ ਨਹੀਂ ਹਨ ਪਰ ਦੂਸਰੀ ਧਰਤੀ ਤੇ ਹਨ।

ਇਸ ਲਈ ਇਹ ਨਮਸਕਾਰ, ਉਹ ਜਿੱਥੇ ਹਨ ਉੱਥੇ ਉਹਨਾਂ ਨੂੰ ਪਹੁੰਚ ਜਾਂਦੇ ਹਨ ਅਤੇ ਸਾਨੂੰ ਉਸਦਾ ਤੁਰੰਤ ਫ਼ਲ ਮਿਲਦਾ ਹੈ।

**ਪ੍ਰਸ਼ਨਕਰਤਾ :** ਇਹਨਾਂ ਆਚਾਰਿਆਂ ਵਿੱਚ ਸ਼ਕਤੀ ਨਹੀਂ ਸੀ? ਆਚਾਰਿਆ ਪਦ ਕਦੋਂ ਪ੍ਰਾਪਤ ਹੋਵੇਗਾ?

**ਦਾਦਾਸ਼੍ਰੀ :** ਇਹ ਆਚਾਰਿਆ ਪਦ ਜੋ ਹੈ ਉਹ ਮਹਾਂਵੀਰ ਭਗਵਾਨ ਤੋਂ ਬਾਅਦ ਹਜ਼ਾਰ ਸਾਲ ਤੱਕ ਚੰਗੀ ਤਰ੍ਹਾਂ ਚੱਲਿਆ ਅਤੇ ਉਸ ਤੋਂ ਬਾਅਦ ਦੇ ਜੋ ਆਚਾਰਿਆ ਪਦ ਹਨ ਉਹ ਲੌਕਿਕ ਆਚਾਰਿਆ ਪਦ ਹਨ। ਬਾਅਦ ਵਿੱਚ ਅਲੌਕਿਕ ਆਚਾਰਿਆ ਹੋਏ ਹੀ ਨਹੀਂ।

**ਪ੍ਰਸ਼ਨਕਰਤਾ :** ਮੈਂ ਅਲੌਕਿਕ ਆਚਾਰਿਆ ਦੀ ਗੱਲ ਕਰਦਾ ਹਾਂ।

**ਦਾਦਾਸ਼੍ਰੀ :** ਤਾਂ ਅਲੌਕਿਕ ਹੋਏ ਹੀ ਨਹੀਂ। ਅਲੌਕਿਕ ਆਚਾਰਿਆ ਤਾਂ ਭਗਵਾਨ ਕਹਾਉਂਦੇ ਹਨ।

**ਪ੍ਰਸ਼ਨਕਰਤਾ :** ਤਾਂ ਕੁੰਦਕੁੰਦਾਚਾਰਿਆ...?

**ਦਾਦਾਸ਼੍ਰੀ :** ਕੁੰਦਕੁੰਦਾਚਾਰਿਆ ਹੋ ਗਏ ਪਰ ਉਹ ਮਹਾਂਵੀਰ ਭਗਾਵਨ ਤੋਂ ਬਾਅਦ ਛੇ ਸੌ ਸਾਲ ਬਾਅਦ ਹੋਏ ਸਨ। ਕੁੰਦਕੁੰਦਾਚਾਰਿਆ ਤਾਂ ਪੂਰਨ ਪੁਰਖ ਸਨ ਅਤੇ ਮੈਂ ਤਾ ਕਹਿੰਦਾ ਹਾਂ ਕਿ ਆਖਰੀ ਪੰਦਰਾਂ ਸੌ ਸਾਲਾਂ ਵਿੱਚ ਆਚਾਰਿਆ ਹੋਏ ਹੀ ਨਹੀਂ।

**ਪ੍ਰਸ਼ਨਕਰਤਾ :** ਪਰ ਇਹ ਤਾਂ ਆਚਾਰਿਆਂ ਦੀਆਂ ਜੋ ਕੁੱਝ ਰਚਨਾਵਾਂ ਹਨ, ਉਹ ਪਿਛਲੇ ਮਹਾਂਪੁਰਖਾਂ ਦੇ ਆਗਮ (ਗ੍ਰੰਥ) ਹੋਣ ਜਾਂ ਵੇਦਾਂਤ ਦੇ ਸੂਤਰ ਹੋਣ, ਉਸਦੀ ਮੋਹਰ ਵਰਗੇ ਹੀ ਹਨ। ਇਸ ਲਈ ਉਹਨਾਂ ਨੂੰ ਆਚਾਰਿਆ ਕਿਹਾ ਹੈ।

**ਦਾਦਾਸ਼੍ਰੀ :** ਉਹ ਤਾਂ ਕਹਿਣਗੇ, ਪਰ ਸਹੀ ਆਚਾਰਿਆ ਤਾਂ ਆਤਮਗਿਆਨ ਹੋਣ ਤੋਂ ਬਾਅਦ ਹੀ ਕਹਾਉਂਦੇ ਹਨ।

# ਆਚਾਰਿਆ, ਪ੍ਰਤਾਪੀ ਸ਼ੇਰ ਵਰਗੇ

ਤੀਰਥੰਕਰ ਸਾਡੇ ਕਿਸ ਕੰਮ ਆਉਂਦੇ ਹਨ? ਦਰਸ਼ਨ ਦੇ ਕੰਮ ਆਉਂਦੇ ਹਨ ਅਤੇ ਸੁਣਨ ਦੇ ਕੰਮ ਆਉਂਦੇ ਹਨ! ਸੁਣਨਾ ਕਦੋਂ ਕਿ ਦੇਸ਼ਨਾ ਦੇ ਰਹੇ ਹੋਣ ਉਦੋਂ ਸੁਣਨ ਦੇ ਕੰਮ ਆਉਂਦੇ ਹਨ, ਨਹੀਂ ਤਾਂ ਦਰਸ਼ਨ ਦੇ ਕੰਮ ਆਉਂਦੇ ਹਨ!

ਉਹ ਵੀ, ਜਿਸ ਨੂੰ ਸਿਰਫ਼ ਦਰਸ਼ਨ ਦੀ ਹੀ ਕਮੀ ਰਹਿ ਗਈ ਹੋਵੇ, ਉਹ ਉਹਨਾਂ ਦੇ ਦਰਸ਼ਨ ਕਰਕੇ ਮੋਕਸ਼ ਵਿੱਚ ਚਲਾ ਜਾਂਦਾ ਹੈ। ਉਹਨਾਂ ਦੇ ਦਰਸ਼ਨ ਨਾਲ ਹੀ ਪੂਰਣਾਹੁਤੀ ਹੋ ਜਾਂਦੀ ਹੈ। ਪਰ ਜੋ ਉਸ ਸਟੇਜ਼ ਤੱਕ ਪਹੁੰਚਿਆ ਹੋਵੇ ਉਸਦੇ ਲਈ।

ਜਿਸਨੇ ਆਚਾਰਿਆ ਤੋਂ ਸਾਰੇ ਆਚਾਰ ਜਾਣ ਲਏ ਹਨ, ਯਾਨੀ ਉਸ ਸਟੇਜ਼ ਤੇ ਆ ਚੁੱਕਿਆ ਹੋਵੇ ਨਾ, ਉਸਦਾ ਉੱਥੇ ਤੀਰਥੰਕਰ ਭਗਵਾਨ ਦੇ ਦਰਸ਼ਨ ਨਾਲ ਕੰਮ ਹੋ ਜਾਂਦਾ ਹੈ। ਅਰਥਾਤ ਆਖਰੀ ਪਰਿਪੱਕਵਤਾ ਆਚਾਰਿਆ ਦੇ ਕੋਲ ਹੁੰਦੀ ਹੈ। ਆਚਾਰਿਆ ਪਰਿਪੱਕਵ (ਪੂਰੇ ਪੱਕੇ ਹੋਏ) ਹੁੰਦੇ ਹਨ। ਤੀਰਥੰਕਰ ਵੀ ਉਹਨਾਂ ਦੀ ਮਹੱਤਤਾ ਨੂੰ ਸਵੀਕਾਰ ਕਰਦੇ ਹਨ। ਤੀਰਥੰਕਰ ਭਗਵਾਨ ਤੋਂ ਪੁੱਛਿਆ ਜਾਵੇ ਕਿ 'ਇਹਨਾਂ ਪੰਜਾਂ ਵਿੱਚ ਸਭ ਤੋਂ ਵੱਡਾ ਕੌਣ ਹੈ?' ਤਾਂ ਤੀਰਥੰਕਰ ਭਗਵਾਨ ਕਹਿਣਗੇ ਕਿ 'ਆਚਾਰਿਆ ਭਗਵਾਨ ਵੱਡੇ।' ਇਹ ਤਾਂ ਤੀਰਥੰਕਰ ਭਗਵਾਨ ਤੋਂ ਅਭਿਪ੍ਰਾਏ ਮੰਗੀਏ, ਇਸ ਲਈ ਅਭਿਪ੍ਰਾਏ ਤਾਂ ਉਹਨਾਂ ਦਾ ਹੀ ਕਹਾਵੇਗਾ ਨਾ!

**ਪ੍ਰਸ਼ਨਕਰਤਾ :** ਪਰ ਏਦਾਂ ਕਿਉਂ ਕਹਾਂਗੇ?

**ਦਾਦਾਸ਼ੀ :** ਕਿਉਂਕਿ ਤੀਰਥੰਕਰ ਭਗਵਾਨ ਵਿੱਚ ਇੱਕ ਸੌ ਅੱਠ ਗੁਣ ਹਨ ਅਤੇ ਆਚਾਰਿਆ ਮਹਾਰਾਜ ਵਿੱਚ ਇੱਕ ਹਜ਼ਾਰ ਅਤੇ ਅੱਠ ਗੁਣ ਹੁੰਦੇ ਹਨ! ਅਰਥਾਤ ਉਹ ਤਾਂ ਗੁਣਾਂ ਦਾ ਧਾਮ ਕਹਾਉਂਦੇ ਹਨ ਅਤੇ ਉਹ ਤਾਂ ਸ਼ੇਰ ਦੀ ਤਰ੍ਹਾਂ ਹੁੰਦੇ ਹਨ। ਉਹਨਾਂ ਦੀ ਦਹਾੜ ਨਾਲ ਤਾਂ ਸਭ ਡੋਲਣ ਲੱਗਦੇ ਹਨ। ਜਿਵੇਂ ਜੇ ਗਿੱਦੜ ਨੇ ਮਾਸ ਖਾਧਾ ਹੋਵੇ, ਅਤੇ ਜੇ ਸ਼ੇਰ ਨੂੰ ਦੇਖ ਲਵੇ ਤਾਂ ਦੇਖਦੇ ਹੀ ਮਾਸ ਦੀ ਉਲਟੀ ਕਰ ਦੇਵੇ! ਇਹੋ ਜਿਹਾ ਹੀ ਆਚਾਰਿਆ ਮਹਾਰਾਜ ਦਾ

ਪ੍ਰਤਾਪ ਹੁੰਦਾ ਹੈ। ਹਾਂ, ਕਿਸੇ ਨੇ ਬਹੁਤ ਜ਼ਿਆਦਾ ਪਾਪ ਕੀਤੇ ਹੋਣ ਨਾ, ਉਹ ਉਹਨਾਂ ਦੇ ਸਾਹਮਣੇ ਆਪਣੇ ਪਾਪਾਂ ਦੀ ਉਲਟੀ ਕਰ ਦਿੰਦਾ ਹੈ। ਤੀਰਥੰਕਰ ਵੀ ਕਹਿੰਦੇ ਹਨ ਕਿ, 'ਮੈਂ ਵੀ ਉਹਨਾਂ ਦੀ ਵਜ੍ਹਾ ਨਾਲ ਹੀ ਇੱਥੇ ਤੱਕ ਪਹੁੰਚਿਆ ਹਾਂ।' ਯਾਨੀ ਆਚਾਰਿਆ ਭਗਵਾਨ ਤਾਂ ਬਹੁਤ ਵੱਡਾ ਗੁਣਧਾਮ ਕਹਾਉਂਦੇ ਹਨ।

ਇਹ ਪੰਜੇ ਨਵਕਾਰ (ਨਮਸਕਾਰ) ਸਰਵਸਰੇਸ਼ਠ ਪਦ ਹਨ। ਉਹਨਾਂ ਵਿੱਚ ਵੀ ਆਚਾਰਿਆ ਮਹਾਰਾਜ ਦੇ ਬਖਾਨ ਤਾਂ ਤੀਰਥੰਕਰਾਂ ਨੂੰ ਵੀ ਕਰਨੇ ਪੈਂਦੇ ਹਨ। ਕਿਉਂਕਿ ਤੀਰਥੰਕਰ ਕਿਵੇਂ ਬਣੇ? (ਉਹਨਾਂ ਦੇ ਸਮੇਂ ਦੇ) ਆਚਾਰਿਆ ਮਹਾਰਾਜ ਦੇ ਪ੍ਰਤਾਪ ਨਾਲ!

## ਗਣਧਰ ਪਾਰ ਕਰਨ ਬੁੱਧੀ ਦੇ ਸਤਰ

**ਪ੍ਰਸ਼ਨਕਰਤਾ :** ਤਾਂ ਇਹ ਜੋ ਭਗਵਾਨ ਦੇ ਗਣਧਰ ਹੁੰਦੇ ਹਨ, ਉਹ ਵੀ ਆਚਾਰਿਆ ਸ਼੍ਰੇਣੀ (ਕਲਾਸ) ਵਿੱਚ ਆਉਂਦੇ ਹਨ?

**ਦਾਦਾਸ਼੍ਰੀ :** ਹਾਂ, ਆਚਾਰਿਆ ਪਦ ਵਿੱਚ ਹੀ ਆਉਂਦੇ ਹਨ। ਕਿਉਂਕਿ ਭਗਵਾਨ ਤੋਂ ਨੀਚੇ ਦੂਸਰਾ ਕੋਈ ਪਦ ਹੈ ਹੀ ਨਹੀਂ। ਗਣਧਰ ਨਾਮ ਕਿਉਂ ਪਿਆ? ਕਿਉਂਕਿ ਉਹਨਾਂ ਲੋਕਾਂ ਨੇ ਬੁੱਧੀ ਦਾ ਪੂਰਣ ਰੂਪ ਵਿੱਚ ਭੇਦਨ ਕੀਤਾ (ਬੁੱਧੀ ਨੂੰ ਪੂਰਾ ਖਤਮ ਕੀਤਾ) ਹੈ। ਆਚਾਰਿਆ ਮਹਾਰਾਜ ਉਸ ਤਰ੍ਹਾਂ ਦੇ ਹੋ ਵੀ ਸਕਦੇ ਹਨ ਅਤੇ ਨਹੀਂ ਵੀ ਹੋ ਸਕਦੇ। ਪਰ ਗਣਧਰ ਤਾਂ ਬੁੱਧੀ ਦੇ ਸਾਰੇ ਸਤਰ (ਸਟੈੱਪ) ਪਾਰ ਕਰ ਚੁੱਕੇ ਹੁੰਦੇ ਹਨ।

ਉਹ ਸਤਰ ਅਸੀਂ ਪਾਰ ਕੀਤਾ ਹੈ। ਇੱਕ ਚੰਦਰ ਦਾ ਸਤਰ ਯਾਨੀ ਮਨ ਦਾ ਸਤਰ ਅਤੇ ਸੂਰਜ ਦਾ ਸਤਰ ਯਾਨੀ ਬੁੱਧੀ ਦਾ ਸਤਰ, ਉਹਨਾਂ ਸੂਰਜ-ਚੰਦਰ ਦਾ ਭੇਦਨ ਜਿਸਨੇ ਕੀਤਾ ਹੈ ਇਹੋ ਜਿਹੇ ਗਣਧਰ ਭਗਵਾਨ, ਫਿਰ ਵੀ ਉਹ ਤੀਰਥੰਕਰ ਦੇ ਆਦੇਸ਼ ਵਿੱਚ ਰਹਿੰਦੇ ਹਨ। ਅਸੀਂ ਵੀ ਸੂਰਜ-ਚੰਦਰ ਦਾ ਭੇਦਨ ਕਰਕੇ ਬੈਠੇ ਹਾਂ!

# ਹਿਮ ਵਰਗਾ ਤਾਪ

ਆਚਾਰਿਆ ਨੂੰ ਪੂਰਾ ਸ਼ਾਸ਼ਤਰ ਕੰਠਸਥ (ਜੁਬਾਨੀ ਯਾਦ) ਹੁੰਦਾ ਹੈ ਅਤੇ ਉਹਨਾਂ ਨੇ ਸਭ ਕੁੱਝ ਧਾਰਣ ਕੀਤਾ ਹੁੰਦਾ ਹੈ। ਜਦੋਂ ਕਿ ਉਪਾਧਿਆਏ ਖੁਦ ਪੜਦੇ ਹਨ ਅਤੇ ਪੜਾਉਂਦੇ ਹਨ। ਅਜੇ ਅਭਿਆਸ ਕਰ ਰਹੇ ਹੁੰਦੇ ਹਨ ਪਰ ਉਹਨਾਂ ਨੇ ਆਤਮਾ ਦੀ ਪ੍ਰਾਪਤੀ ਕੀਤੀ ਹੁੰਦੀ ਹੈ ਯਾਨੀ ਸਮਯਕਤਵ ਪ੍ਰਾਪਤ ਕੀਤਾ ਹੈ। ਇਹ ਉਪਾਧਿਆਏ ਥੋੜਾ ਅੱਗੇ ਪੜੇ ਹੋਏ ਹੁੰਦੇ ਹਨ, ਪਰ ਉਹ ਆਚਾਰਿਆ ਮਹਾਰਾਜ ਦੇ ਅੱਗੇ 'ਬਾਪ ਜੀ, ਬਾਪ ਜੀ' ਕਰਦੇ ਹਨ। ਜਿਸਦੀ ਦਹਾੜ ਨਾਲ ਸਾਧੂ ਅਤੇ ਉਪਾਧਿਆਏ ਵੀ ਬਿੱਲੀ ਵਰਗੇ ਹੋ ਜਾਣ, ਉਹ ਆਚਾਰਿਆ! ਅਤੇ ਸਾਧੂ ਚਾਹੇ ਕਿੰਨਾ ਵੀ ਜ਼ੋਰ ਨਾਲ ਦਹਾੜੇ ਫਿਰ ਵੀ ਆਚਾਰਿਆ ਮਹਾਰਾਜ ਉਹਨਾਂ ਤੋਂ ਪ੍ਰਭਾਵਿਤ ਨਹੀਂ ਹੁੰਦੇ।

ਆਚਾਰਿਆ ਇਹੋ ਜਿਹੇ ਹੁੰਦੇ ਹਨ ਕਿ ਸ਼ਿਸ਼ਯ ਤੋਂ ਗਲਤ ਹੋਇਆ ਤਾਂ ਉਸ ਤੋਂ ਉਹਨਾਂ ਦੇ ਸਾਹਮਣੇ ਉਲਟੀ ਹੋ ਜਾਂਦੀ ਹੈ। ਕਿਉਂਕਿ ਉਹ ਅੰਦਰ ਸਹਿਨ ਨਹੀਂ ਕਰ ਸਕਦਾ। ਆਚਾਰਿਆ ਇੰਨੇ ਜ਼ਿਆਦਾ ਤਾਪ ਵਾਲੇ ਹੁੰਦੇ ਹਨ ਫਿਰ ਵੀ ਉਹ ਸਖ਼ਤ ਨਹੀਂ ਹੁੰਦੇ। ਉਹ ਕ੍ਰੋਧ ਨਹੀਂ ਕਰਦੇ। ਏਦਾਂ ਹੀ ਉਹਨਾਂ ਦੀ ਸਖ਼ਤੀ ਵਰਤਦੀ ਰਹਿੰਦੀ ਹੈ, ਬਹੁਤ ਤਾਪ ਲੱਗਦਾ ਹੈ।

ਜਿਵੇਂ ਇਹ ਹਿਮ (ਬਰਫ਼) ਗਿਰਦੀ ਹੈ, ਉਸ ਹਿਮ ਦਾ ਤਾਪ ਕਿੰਨਾ ਜ਼ਿਆਦਾ ਹੁੰਦਾ ਹੈ? ਉਸ ਤਰ੍ਹਾਂ ਦੇ ਹਿਮਤਾਪ ਕਹਾਉਂਦੇ ਹਨ, ਫਿਰ ਉਹਨਾਂ ਵਿੱਚ ਕ੍ਰੋਧ ਨਹੀਂ ਹੁੰਦਾ। ਕ੍ਰੋਧ-ਮਾਨ-ਮਾਇਆ-ਲੋਭ ਹੋਣਗੇ ਤਾਂ ਉਹ ਆਚਾਰਿਆ ਕਹਾਉਣਗੇ ਹੀ ਨਹੀਂ ਨਾ!

ਵਰਨਾ ਆਚਾਰਿਆ ਮਹਾਰਾਜ ਤਾਂ ਕਿਹੋ ਜਿਹੇ ਹੁੰਦੇ ਹਨ? ਉਹਨਾਂ ਦਾ ਕੀ ਕਹਿਣਾ! ਉਹਨਾਂ ਦੀ ਬਾਣੀ ਸੁਣ ਕੇ ਉੱਥੇ ਤੋਂ ਉੱਠਣ ਦਾ ਮਨ ਨਹੀਂ ਕਰਦਾ। ਆਚਾਰਿਆ ਤਾਂ ਭਗਵਾਨ ਹੀ ਕਹਾਉਂਦੇ ਹਨ। ਉਹ ਕੁੱਝ ਐਸੇ-ਵੈਸੇ ਨਹੀਂ ਕਹਾਉਂਦੇ।

# ਦਾਦਾ, ਖਟਪਟੀਆ ਵੀਤਰਾਗ

ਸਾਡਾ ਇਹ ਆਚਾਰਿਆ ਪਦ ਕਹਾਉਂਦਾ ਹੈ, ਪਰ ਸੰਪੂਰਨ ਵੀਤਰਾਗ ਪਦ ਨਹੀਂ ਕਹਾਉਂਦਾ। ਪਰ ਸਾਨੂੰ ਵੀਤਰਾਗ ਕਹਿਣਾ ਹੋਵੇ ਤਾਂ ਖਟਪਟੀਆ (ਕਲਿਆਣ ਹੇਤੂ ਖਟਪਟ ਕਰਨ ਵਾਲਾ) ਵੀਤਰਾਗ ਕਹਿ ਸਕਦੇ ਹੋ। ਇਹੋ ਜਿਹੀ ਖਟਪਟ ਕਿ 'ਤੁਸੀਂ ਆਉਣਾ, ਅਸੀਂ ਸਤਸੰਗ ਕਰਾਂਗੇ ਅਤੇ ਤੁਹਾਡੇ ਲਈ ਏਦਾਂ ਕਰ ਦੇਵਾਂਗੇ, ਉਦਾਂ ਕਰ ਦੇਵਾਂਗੇ।' ਸੰਪੂਰਨ ਵੀਤਰਾਗ ਵਿੱਚ ਇਹੋ ਜਿਹਾ ਨਹੀਂ ਹੁੰਦਾ। ਦਖ਼ਲ ਵੀ ਨਹੀਂ ਅਤੇ ਝੰਜਟ ਵੀ ਨਹੀਂ। ਤੁਹਾਡਾ ਹਿਤ ਹੋ ਰਿਹਾ ਹੈ ਜਾਂ ਅਹਿਤ ਹੋ ਰਿਹਾ ਹੈ, ਉਹ ਇਹ ਸਭ ਨਹੀਂ ਦੇਖਦੇ। ਉਹ ਖੁਦ ਹੀ ਹਿਤਕਾਰੀ ਹਨ। ਉਹਨਾਂ ਦੀ ਹਵਾ ਹਿਤਕਾਰੀ ਹੈ, ਉਹਨਾਂ ਦੀ ਬਾਣੀ ਹਿਤਕਾਰੀ ਹੈ, ਉਹਨਾਂ ਦੇ ਦਰਸ਼ਨ ਹਿਤਕਾਰੀ ਹਨ। ਪਰ ਉਹ ਤੁਹਾਨੂੰ ਏਦਾਂ ਨਹੀਂ ਕਹਿਣਗੇ ਕਿ 'ਤੁਸੀਂ ਏਦਾਂ ਕਰੋ'। ਜਦੋਂ ਕਿ ਮੈਂ ਤਾਂ ਤੁਹਾਨੂੰ ਕਹਿੰਦਾ ਹਾਂ ਕਿ, 'ਮੈਂ ਤੁਹਾਡੇ ਨਾਲ ਸਤਸੰਗ ਕਰਾਂਗਾ ਅਤੇ ਤੁਸੀਂ ਕੁੱਝ ਮੋਕਸ਼ ਦੇ ਵੱਲ ਵਧੋ।' ਤੀਰਥੰਕਰ ਤਾਂ ਇੱਕ ਹੀ ਸਪੱਸ਼ਟ ਵਾਕ ਕਹਿੰਦੇ ਹਨ ਕਿ 'ਚਾਰ ਗਤੀਆਂ ਭਿਅੰਕਰ ਦੁੱਖਦਾਈ ਹਨ। ਇਸ ਲਈ ਹੇ ਮਨੁੱਖੋ, ਇੱਥੇ ਤੋਂ ਮੋਕਸ਼ ਵਿੱਚ ਜਾਣ ਦਾ ਸਾਧਨ ਪ੍ਰਾਪਤ ਹੋਵੇ, ਇਹੋ ਜਿਹਾ ਤੁਹਾਨੂੰ ਮਨੁੱਖ ਜਨਮ ਪ੍ਰਾਪਤ ਹੋਇਆ ਹੈ, ਇਸ ਲਈ ਮੋਕਸ਼ ਦੀ ਕਾਮਨਾ ਕਰੋ' ਇੰਨਾ ਹੀ ਕਹਿੰਦੇ ਹਨ। ਤੀਰਥੰਕਰ ਆਪਣੀ ਦੇਸ਼ਨਾ ਵਿੱਚ ਕਹਿੰਦੇ ਹਨ।

ਇਸ ਕਾਲ ਵਿੱਚ ਇੱਥੇ ਤੀਰਥੰਕਰ ਨਹੀਂ ਹਨ ਅਤੇ ਸਿੱਧ ਭਗਵਾਨ ਤਾਂ ਆਪਣੇ ਦੇਸ਼ (ਸਿੱਧ ਖੇਤਰ) ਵਿੱਚ ਹੀ ਰਹਿੰਦੇ ਹਨ। ਇਸ ਲਈ ਹੁਣ ਤੀਰਥੰਕਰ ਦੇ ਰੀਪ੍ਰੇਜ਼ੈਂਟੇਟਿਵ (ਪ੍ਰਤੀਨਿਧੀ) ਦੇ ਤੌਰ ਤੇ ਅਸੀਂ ਹਾਂ। ਹਾਂ, ਉਹ ਨਹੀਂ ਹਨ, ਸੋ: ਸਾਰੀ ਸੱਤਾ ਸਾਡੇ ਹੱਥ ਵਿੱਚ ਹੈ। ਉਸੇ ਦਾ ਪ੍ਰਯੋਗ ਕਰਦੇ ਹਾਂ ਆਰਾਮ ਨਾਲ, ਕਿਸੇ ਤੋਂ ਪੁੱਛੇ ਬਗੈਰ! ਪਰ ਅਸੀਂ ਤੀਰਥੰਕਰਾਂ ਨੂੰ ਆਪਣੇ ਸਿਰ ਤੇ ਰੱਖਦੇ ਹਾਂ, ਉਹਨਾਂ ਨੂੰ ਇੱਥੇ ਬਿਠਾਇਆ ਹੈ ਨਾ!

ਉਪਾਧਿਆਏ ਵਿੱਚ ਵਿਚਾਰ ਅਤੇ ਉਚਾਰ ਦੋ ਹੀ ਹੁੰਦੇ ਹਨ ਅਤੇ ਆਚਾਰਿਆ ਵਿੱਚ ਵਿਚਾਰ, ਉਚਾਰ ਅਤੇ ਆਚਾਰ ਤਿੰਨੇ ਹੀ ਹੁੰਦੇ ਹਨ।

ਉਹਨਾਂ ਵਿੱਚ ਇਹਨਾਂ ਤਿੰਨਾਂ ਦੀ ਪੂਰਣਾਹੁਤੀ ਹੋ ਚੁੱਕੀ ਹੈ, ਇਸ ਲਈ ਉਹ ਆਚਾਰਿਆ ਭਗਵਾਨ ਕਹਾਉਂਦੇ ਹਨ।

## ਨਮੋ ਉਵਝਾਯਾਣਮ

**ਪ੍ਰਸ਼ਨਕਰਤਾ :** 'ਨਮੋ ਉਵਝਾਯਾਣਮ' ਵਿਸਤਾਰ ਨਾਲ ਸਮਝਾਓ।

**ਦਾਦਾਸ਼੍ਰੀ :** ਉਪਾਧਿਆਏ ਭਗਵਾਨ। ਉਸਦਾ ਅਰਥ ਕੀ ਹੁੰਦਾ ਹੈ? ਜਿਸ ਨੂੰ ਆਤਮਾ ਦੀ ਪ੍ਰਾਪਤੀ ਹੋ ਗਈ ਹੈ ਅਤੇ ਜੋ ਖੁਦ ਆਤਮਾ ਜਾਣਨ ਤੋਂ ਬਾਅਦ ਸਭ ਸ਼ਾਸਤਰਾਂ ਦਾ ਅਭਿਆਸ ਕਰਦੇ ਹਨ ਅਤੇ ਫਿਰ ਦੂਸਰਿਆਂ ਨੂੰ ਅਭਿਆਸ ਕਰਵਾਉਂਦੇ ਹਨ, ਇਹੋ ਜਿਹੇ ਉਪਾਧਿਆਏ ਭਗਵਾਨ ਨੂੰ ਨਮਸਕਾਰ ਕਰਦਾ ਹਾਂ।

ਉਪਾਧਿਆਏ ਯਾਨੀ ਖੁਦ ਸਭ ਕੁੱਝ ਸਮਝਦੇ ਜ਼ਰੂਰ ਹਨ, ਫਿਰ ਵੀ ਸੰਪੂਰਨ ਆਚਰਣ ਵਿੱਚ ਨਹੀਂ ਆਏ ਹੁੰਦੇ। ਉਹ ਵੈਸ਼ਣਵਾਂ ਦੇ ਹੋਣ, ਜੈਨਾਂ ਦੇ ਹੋਣ ਜਾਂ ਕਿਸੇ ਵੀ ਧਰਮ ਦੇ ਹੋਣ ਪਰ ਆਤਮਾ ਪ੍ਰਾਪਤ ਕੀਤਾ ਹੁੰਦਾ ਹੈ। ਅੱਜ ਦੇ ਇਹ ਸਾਧੂ ਇਹ ਸਾਰੇ ਇਸ ਪਦ ਵਿੱਚ ਨਹੀਂ ਆਉਂਦੇ। ਕਿਉਂਕਿ ਉਹਨਾਂ ਨੇ ਆਤਮਾ ਪ੍ਰਾਪਤ ਨਹੀਂ ਕੀਤਾ ਹੈ। ਆਤਮਾ ਪ੍ਰਾਪਤ ਕਰਨ ਤੇ ਕ੍ਰੋਧ-ਮਾਨ-ਮਾਇਆ-ਲੋਭ ਚਲੇ ਜਾਂਦੇ ਹਨ, ਕਮਜ਼ੋਰੀਆਂ ਚਲੀਆਂ ਜਾਂਦੀਆਂ ਹਨ। ਅਪਮਾਨ ਕਰਨ ਤੇ ਫ਼ਣ ਨਹੀਂ ਫੈਲਾਉਂਦੇ। ਇਹ ਤਾਂ ਅਪਮਾਨ ਕਰਨ ਤੇ ਫ਼ਣ ਫੈਲਾਉਂਦੇ ਹਨ ਨਾ? ਉਹ ਫ਼ਣ ਫੈਲਾਉਣ ਵਾਲੇ ਨਹੀਂ ਚੱਲਣਗੇ, ਉੱਥੇ।

**ਪ੍ਰਸ਼ਨਕਰਤਾ :** ਤੁਸੀਂ ਏਦਾਂ ਕਿਹਾ ਕਿ ਉਪਾਧਿਆਏ ਜਾਣਦੇ ਹਨ, ਪਰ ਉਹ ਕੀ ਜਾਣਦੇ ਹਨ?

**ਦਾਦਾਸ਼੍ਰੀ :** ਉਪਾਧਿਆਏ ਯਾਨੀ ਜੋ ਆਤਮਾ ਨੂੰ ਜਾਣਦੇ ਹਨ, ਫ਼ਰਜ਼ ਜਾਣਦੇ ਹਨ ਅਤੇ ਆਚਾਰ ਵੀ ਜਾਣਦੇ ਹਨ। ਫਿਰ ਵੀ ਉਹਨਾਂ ਵਿੱਚ ਕੁੱਝ ਆਚਾਰ ਹੁੰਦੇ ਹਨ ਅਤੇ ਕੁੱਝ ਆਚਾਰ ਆਉਣੇ ਬਾਕੀ ਹਨ। ਪਰ ਸੰਪੂਰਨ ਆਚਾਰ ਪ੍ਰਾਪਤ ਨਹੀਂ ਹੋਣ ਦੀ ਵਜ੍ਹਾ ਨਾਲ ਉਹ ਉਪਾਧਿਆਏ ਪਦ ਵਿੱਚ ਹਨ। ਯਾਨੀ ਖੁਦ ਹਾਲੇ ਪੜ੍ਹ ਰਹੇ ਹਨ ਅਤੇ ਦੂਸਰਿਆਂ ਨੂੰ ਪੜ੍ਹਾ ਰਹੇ ਹਨ।

**ਪ੍ਰਸ਼ਨਕਰਤਾ :** ਅਰਥਾਤ ਆਚਾਰ ਵਿੱਚ ਪੂਰਣਤਾ ਨਹੀਂ ਆਈ ਹੁੰਦੀ?

**ਦਾਦਾਸ਼੍ਰੀ :** ਹਾਂ, ਉਪਾਧਿਆਏ ਵਿੱਚ ਆਚਾਰ ਦੀ ਪੂਰਣਤਾ ਨਹੀਂ ਹੁੰਦੀ। ਆਚਾਰ ਦੀ ਪੂਰਣਤਾ ਤੋਂ ਬਾਅਦ ਤਾਂ ਆਚਾਰਿਆ ਕਹਾਉਂਦੇ ਹਨ।

**ਪ੍ਰਸ਼ਨਕਰਤਾ :** ਅਰਥਾਤ ਉਪਾਧਿਆਏ ਵੀ ਆਤਮਗਿਆਨੀ ਹੋਣੇ ਚਾਹੀਦੇ ਹਨ?

**ਦਾਦਾਸ਼੍ਰੀ :** ਆਤਮਗਿਆਨੀ ਨਹੀਂ, ਆਤਮਪ੍ਰਤੀਤੀ ਵਾਲੇ। ਪਰ ਪ੍ਰਤੀਤੀ ਦੀ ਡਿਗਰੀ ਜ਼ਰਾ ਉੱਚੀ ਹੁੰਦੀ ਹੈ, ਪ੍ਰਤੀਤੀ!

ਹੋਰ ਅੱਗੇ?

## ਨਮੋ ਲੋਏ ਸਵ੍ਵਸਾਹੂਣਮ

**ਪ੍ਰਸ਼ਨਕਰਤਾ :** 'ਨਮੋ ਲੋਏ ਸਵ੍ਵਸਾਹੂਣਮ'

**ਦਾਦਾਸ਼੍ਰੀ :** 'ਲੋਏ' ਯਾਨੀ ਲੋਕ, ਤਾਂ ਇਸ ਲੋਕ ਵਿੱਚ ਜਿੰਨੇ ਸਾਧੂ ਹਨ ਉਹਨਾਂ ਸਭ ਸਾਧੂਆਂ ਨੂੰ ਮੈਂ ਨਮਸਕਾਰ ਕਰਦਾ ਹਾਂ।

ਸਾਧੂ ਕਿਸ ਨੂੰ ਕਹਾਂਗੇ? ਜੋ ਸਫ਼ੈਦ ਕੱਪੜੇ ਪਹਿਨਣ, ਗੇਰੂਏ ਕੱਪੜੇ ਪਹਿਨਣ ਉਹ ਸਾਧੂ ਨਹੀਂ ਕਹਾਉਂਣਗੇ। ਆਤਮਦਸ਼ਾ ਸਾਧਣ ਉਹ ਸਾਧੂ। ਅਰਥਾਤ ਜਿਨ੍ਹਾਂ ਨੂੰ ਬਿਲਕੁੱਲ ਦੇਹਾਧਿਆਸ ਨਹੀਂ ਹੈ, ਸੰਸਾਰ ਦਸ਼ਾ-ਭੌਤਿਕ ਦਸ਼ਾ ਨਹੀਂ, ਪਰ ਆਤਮਦਸ਼ਾ ਸਾਧਣ ਉਹਨਾਂ ਸਾਧੂਆਂ ਨੂੰ ਮੈਂ ਨਮਸਕਾਰ ਕਰਦਾ ਹਾਂ। ਹੁਣ ਇਹੋ ਜਿਹੇ ਸਾਧੂ ਕਿੱਥੇ ਮਿਲਣਗੇ? ਹੁਣ ਇਹੋ ਜਿਹੇ ਸਾਧੂ ਹੁੰਦੇ ਹਨ? ਪਰ ਇਸ ਬ੍ਰਹਿਮਾਂਡ ਵਿੱਚ ਜਿੱਥੇ-ਜਿੱਥੇ ਵੀ ਇਹੋ ਜਿਹੇ ਸਾਧੂ ਹਨ, ਉਹਨਾਂ ਨੂੰ ਨਮਸਕਾਰ ਕਰਦਾ ਹਾਂ।

ਸੰਸਾਰ ਦਸ਼ਾ ਵਿੱਚੋਂ ਮੁਕਤ ਹੋ ਕੇ ਆਤਮਦਸ਼ਾ ਦੇ ਲਈ ਯਤਨ ਕਰਦੇ ਹਨ ਅਤੇ ਆਤਮਦਸ਼ਾ ਸਾਧਦੇ ਹਨ, ਉਹਨਾਂ ਸਭ ਨੂੰ ਨਮਸਕਾਰ ਕਰਦਾ ਹਾਂ। ਬਾਕੀ ਯੋਗ ਆਦਿ ਜੋ ਸਭ ਕੁੱਝ ਕਰਦੇ ਹਨ ਉਹ ਸਾਰੀਆਂ ਸੰਸਾਰਿਕ ਦਸ਼ਾਵਾਂ ਹਨ। ਆਤਮਦਸ਼ਾ, ਉਹੀ ਅਸਲ ਵਸਤੂ ਹੈ। ਕਿਹੜੇ-ਕਿਹੜੇ ਯੋਗ ਵਿੱਚ ਸੰਸਾਰਿਕ ਦਸ਼ਾ ਹੈ? ਤਾਂ ਕਹੀਏ, ਇੱਕ ਤਾਂ ਦੇਹਯੋਗ, ਜਿਸ ਵਿੱਚ

ਆਸਣ ਆਦਿ ਕਰਨੇ ਪੈਣ ਉਹ ਸਭ ਦੇਹਯੋਗ ਕਹਾਉਂਦੇ ਹਨ। ਫਿਰ ਦੂਸਰਾ ਮਨੋਯੋਗ, ਇੱਥੇ ਚੱਕਰਾਂ ਤੋਂ ਉੱਪਰ ਸਥਿਰਤਾ ਕਰਨਾ ਉਹ ਮਨੋਯੋਗ ਕਹਾਉਂਦਾ ਹੈ ਅਤੇ ਜਾਪਯੋਗ ਕਰਨਾ, ਉਹ ਬਾਣੀ ਦਾ ਯੋਗ ਕਹਾਉਂਦਾ ਹੈ। ਇਹ ਤਿੰਨੇ ਸਥੂਲ ਸ਼ਬਦ ਹਨ ਅਤੇ ਉਸਦਾ ਫ਼ਲ, ਸੰਸਾਰ ਫ਼ਲ ਮਿਲਦਾ ਹੈ। ਅਰਥਾਤ ਇੱਥੇ ਬੰਗਲਾ ਮਿਲੇ, ਗੱਡੀਆਂ ਮਿਲਣ ਅਤੇ ਆਤਮਯੋਗ ਹੋਣ ਤੇ ਮੁਕਤੀ ਮਿਲਦੀ ਹੈ, ਸਭ ਪ੍ਰਕਾਰ ਦੇ ਸੁੱਖ ਪ੍ਰਾਪਤ ਹੁੰਦੇ ਹਨ। ਉਹ ਆਖਰੀ, ਵੱਡਾ ਯੋਗ ਕਹਾਉਂਦਾ ਹੈ। ਸਵ੍ਵਸਾਹੂਣਮ ਯਾਨੀ ਜੋ ਆਤਮਯੋਗ ਸਾਧ ਕੇ ਬੈਠੇ ਹਨ ਇਹੋ ਜਿਹੇ ਸਭ ਸਾਧੂਆਂ ਨੂੰ ਮੈਂ ਨਮਸਕਾਰ ਕਰਦਾ ਹਾਂ।

ਅਰਥਾਤ ਸਾਧੂ ਕੌਣ? ਜਿਨ੍ਹਾਂ ਨੂੰ ਆਤਮਾਂ ਦੀ ਪ੍ਰਤੀਤੀ ਹੋਈ ਹੈ, ਉਹਨਾਂ ਦੀ ਗਿਣਤੀ ਅਸੀਂ ਸਾਧੂਆਂ ਵਿੱਚ ਕੀਤੀ ਹੈ। ਅਰਥਾਤ ਇਹ ਸਾਹੂਣੰ ਨੂੰ ਪਹਿਲੀ ਪ੍ਰਤੀਤੀ ਅਤੇ ਉਪਾਧਿਆਏ ਨੂੰ ਵਿਸ਼ੇਸ਼ ਪ੍ਰਤੀਤੀ ਅਤੇ ਆਚਾਰਿਆ ਨੂੰ ਆਤਮਗਿਆਨ ਹੁੰਦਾ ਹੈ ਅਤੇ ਅਰਿਹੰਤ ਭਗਵਾਨ, ਉਹ ਪੂਰਨ ਭਗਵਾਨ! ਇਸ ਰੀਤ ਨਾਲ ਨਮਸਕਾਰ ਕੀਤੇ ਹਨ।

## ਪੰਜੇ ਇੰਦਰੀਆਂ ਸੁਣਨ ਉਦੋਂ...

**ਪ੍ਰਸ਼ਨਕਰਤਾ :** ਭਗਵੰਤਾਂ ਨੇ ਨਵਕਾਰ ਦੇ ਪੰਜ ਪਦਾਂ ਦੀ ਜੋ ਰਚਨਾ ਕੀਤੀ ਹੈ, ਉਹਨਾਂ ਵਿੱਚੋਂ ਪਹਿਲੇ ਚਾਰ ਤਾਂ ਸਹੀ ਹਨ ਪਰ ਪੰਜਵੇ ਵਿੱਚ ਨਮੋ ਲੋਏ ਸਵ੍ਵਸਾਹੂਣਮ ਦੀ ਬਜਾਏ ਸਵ੍ਵਸਾਹੂਣਮ ਕਿਉਂ ਨਹੀਂ ਰੱਖਿਆ?

**ਦਾਦਾਸ਼੍ਰੀ :** ਤਾਂ ਚਿੱਠੀ ਲਿਖੋ ਨਾ ਤੁਸੀਂ! ਏਦਾਂ ਹੈ, ਉਹਨਾਂ ਨੇ ਜੋ ਕਿਹਾ ਹੈ ਨਾ ਉਹ ਜਿਵੇਂ ਹੈ ਉਸੇ ਤਰ੍ਹਾਂ, ਮਾਤਰਾ ਸਹਿਤ ਬੋਲਣ ਨੂੰ ਕਿਹਾ ਹੈ। ਕਿਉਂਕਿ ਉਹਨਾਂ ਦੇ ਸ਼੍ਰੀਮੁੱਖ ਤੋਂ ਨਿੱਕਲੀ ਬਾਣੀ ਹੈ। ਉਸਦਾ ਗੁਜਰਾਤੀ ਅਨੁਵਾਦ ਕਰਨ ਦੇ ਲਈ ਮਨਾ ਕੀਤਾ ਹੈ। ਭਾਸ਼ਾ ਪਰਿਵਰਤਨ ਨਾ ਕਰਨਾ। ਅਰਥਾਤ ਉਹਨਾਂ ਦੇ ਸ਼੍ਰੀਮੁੱਖ ਤੋਂ ਨਿੱਕਲੀ ਹੈ, ਭਗਵਾਨ ਮਹਾਂਵੀਰ ਦੇ ਮੁੱਖ ਤੋਂ ਅਤੇ ਜਦੋਂ ਉਹ ਬਾਣੀ ਬੋਲਾਂਗੇ ਨਾ, ਤਾਂ ਉਹ ਪਰਮਾਣੂ ਹੀ ਇਹੋ ਜਿਹੇ ਸੰਯੋਜਿਤ ਹੁੰਦੇ ਹਨ ਕਿ ਲੋਕਾਂ ਨੂੰ ਅਦਭੁਤਤਾ ਲੱਗਦੀ ਹੈ। ਪਰ ਇਹ ਤਾਂ ਇਸ ਤਰ੍ਹਾਂ ਬੋਲਦੇ ਹਨ ਕਿ ਖੁਦ ਨੂੰ ਵੀ ਨਾ ਸੁਣਾਈ ਦੇਵੇ, ਤਾਂ ਫਿਰ ਫ਼ਲ ਵੀ

ਉਸੇ ਤਰ੍ਹਾਂ ਦਾ ਮਿਲੇਗਾ ਨਾ! ਖੁਦ ਨੂੰ ਫ਼ਲ ਦਾ ਪਤਾ ਨਹੀਂ ਚੱਲੇਗਾ। ਬਾਕੀ ਪੰਜੇ ਇੰਦਰੀਆਂ ਸੁਣਨ ਏਦਾਂ ਬੋਲਣ ਤੇ ਸੱਚਾ ਫ਼ਲ ਪ੍ਰਾਪਤ ਹੁੰਦਾ ਹੈ। ਹਾਂ, ਅੱਖ ਵੀ ਦੇਖਿਆ ਕਰੇ, ਕੰਨ ਵੀ ਸੁਣਿਆ ਕਰਨ, ਨੱਕ ਸੁੰਘਦੀ ਰਹੇ...

**ਪ੍ਰਸ਼ਨਕਰਤਾ :** ਤੁਸੀਂ ਕੁੱਝ ਰਹੱਸਮਈ ਬਾਣੀ ਬੋਲੇ!

**ਦਾਦਾਸ਼੍ਰੀ :** ਹਾਂ, ਨਵਕਾਰ ਐਵੇਂ ਹੀ ਬੋਲਦੇ ਰਹੇ ਤਾਂ ਕੰਨ ਸੁਣਦੇ ਨਹੀਂ, ਕੰਨ ਭੁੱਖਾ ਰਹਿੰਦਾ ਹੈ, ਅੱਖਾਂ ਭੁੱਖੀਆਂ ਰਹਿੰਦੀਆਂ ਹਨ, ਸਿਰਫ਼ ਜੀਭ ਹੀ ਇਕੱਲੀ ਮੂੰਹ ਵਿੱਚ ਘੁੰਮਦੀ ਰਹਿੰਦੀ ਹੈ, ਤਾਂ ਫਿਰ ਕਿਹੋ ਜਿਹਾ ਫ਼ਲ ਮਿਲੇਗਾ? ਅਰਥਾਤ ਪੰਜੇ ਇੰਦਰੀਆਂ ਜਦੋਂ ਖੁਸ਼ ਹੋਣਗੀਆਂ, ਉਦੋਂ ਨਵਕਾਰ ਮੰਤਰ ਪਰਿਣਮਿਤ ਹੋਇਆ ਕਹਾਵੇਗਾ। ਮੰਤਰ ਬੋਲਦੇ ਤਾਂ ਹਾਂ ਪਰ ਕੰਨ ਸੁਣੇ, ਅੱਖਾਂ ਦੇਖਣ, ਨੱਕ ਸੁਗੰਧ ਮਹਿਸੂਸ ਕਰੇ, ਉਸ ਸਮੇਂ ਚਮੜੀ ਨੂੰ ਸਪਰਸ਼ ਹੋਵੇ ਉਸਦਾ, ਇਸ ਤਰ੍ਹਾਂ ਹੋਣਾਂ ਚਾਹੀਦਾ ਹੈ ਇਹ ਸਭ। ਇਸ ਲਈ ਤਾਂ ਅਸੀਂ ਇਹ ਤ੍ਰਿਮੰਤਰ ਉੱਚੀ ਆਵਾਜ਼ ਵਿੱਚ ਬੁਲਵਾਉਂਦੇ ਹਾਂ ਨਾ!

## ਕੇਵਲ ਸਾਧਕ, ਨਹੀਂ ਬਾਧਕ

ਲੋਕਾਂ ਨੇ ਜਿੰਨਾਂ ਨਿਸ਼ਚਿਤ ਕੀਤਾ ਹੈ, ਬ੍ਰਹਿਮੰਡ ਉਨਾਂ ਹੀ ਨਹੀਂ ਹੈ। ਬ੍ਰਹਿਮੰਡ ਬਹੁਤ ਵੱਡਾ ਹੈ, ਵਿਸ਼ਾਲ ਹੈ। ਉਹਨਾਂ ਸਭ ਸਾਧੂਆਂ ਨੂੰ ਨਮਸਕਾਰ ਕਰਦਾ ਹਾਂ।

ਜੋ ਆਤਮਾ ਦੀ ਦਸ਼ਾ ਸਾਧਣ ਦੇ ਲਈ ਸਾਧਨਾ ਕਰਦੇ ਹਨ, ਉਹ ਸਾਧੂ। ਯਾਨੀ ਕਿ ਜੋ ਸੰਸਾਰ ਦੇ ਸੁਆਦ ਦੇ ਲਈ ਸਾਧਨਾ ਕਰਦੇ ਹਨ, ਉਹ ਸਾਧੂ ਨਹੀਂ ਹਨ। ਸੁਆਦ ਦੇ ਲਈ, ਮਾਨ ਦੇ ਲਈ, ਕੀਰਤੀ ਦੇ ਲਈ ਕੀਤੀਆਂ ਜਾਣ ਵਾਲੀਆਂ ਸਾਧਨਾਵਾਂ ਅਲੱਗ ਹਨ। ਆਤਮਾ ਦੀ ਸਾਧਨਾ ਵਿੱਚ ਉਹ ਸਭ ਨਹੀਂ ਹੁੰਦਾ। ਵੈਸੇ ਸਭ ਸਾਧੂਆਂ ਨੂੰ ਨਮਸਕਾਰ ਕਰਦਾ ਹਾਂ। ਬਾਕੀ ਦੇ ਸਭ, ਸਾਧੂ ਨਹੀਂ ਕਹਾਉਂਦੇ।

ਜੋ ਆਤਮਾ ਦੀ ਦਸ਼ਾ ਸਾਧੇ, ਉਹ ਸਾਧੂ ਕਹਾਉਂਦਾ ਹੈ। ਉਹਨਾਂ ਸਭ ਨੂੰ ਨਮਸਕਾਰ ਕਰਦਾ ਹਾਂ। ਬਾਕੀ ਦੇ ਸਭ ਸਾਧੂ ਨਹੀਂ ਕਹਾਉਂਦੇ। ਦੇਹ ਦਸ਼ਾ, ਦੇਹ ਦੇ ਰੌਅਬ ਦੇ ਲਈ, ਦੇਹ ਦੇ ਸੁੱਖ ਦੀ ਇੱਛਾ ਰੱਖਦੇ ਹਨ, ਪਰ ਉਹ

ਨਹੀਂ ਚੱਲੇਗਾ ਨਾ! ਹਿੰਦੁਸਤਾਨ ਵਿੱਚ ਸ਼ਾਇਦ ਇੱਕ-ਅੱਧਾ ਹੀ ਕੋਈ ਇਹੋ ਜਿਹਾ ਸੰਤ ਹੋਵੇਗਾ। ਇੱਕ ਵੀ ਨਹੀਂ ਹੋਵੇਗਾ। ਇਹੋ ਜਿਹੇ ਸਾਧੂ ਦੂਸਰੇ ਖੇਤਰ ਵਿੱਚ ਹਨ। ਉਹ ਦੂਸਰੀਆਂ ਜਗ੍ਹਾ ਤੇ ਹਨ, ਤਾਂ ਆਪਣਾ ਨਮਸਕਾਰ ਉੱਥੇ ਪਹੁੰਚਦਾ ਹੈ ਅਤੇ ਉਦੋਂ ਸਾਨੂੰ ਫ਼ਲ ਮਿਲਦਾ ਹੈ।

**ਪ੍ਰਸ਼ਨਕਰਤਾ :** ਲੋਏ ਯਾਨੀ ਕੀ?

**ਦਾਦਾਸ਼੍ਰੀ :** ਨਮੋ ਲੋਏ ਸਵ੍ਵਸਾਹੂਣਮ। ਲੋਏ ਯਾਨੀ ਲੋਕ। ਇਸ ਲੋਕ ਤੋਂ ਇਲਾਵਾ ਦੂਸਰਾ, ਅਲੋਕ ਹੈ, ਉੱਥੇ ਕੁੱਝ ਵੀ ਨਹੀਂ ਹੈ। ਅਰਥਾਤ ਲੋਕ ਵਿੱਚ ਜੋ ਸਭ ਸਾਧੂ ਹਨ, ਉਹਨਾਂ ਨੂੰ ਨਮਸਕਾਰ ਕਰਦਾ ਹਾਂ।

**ਪ੍ਰਸ਼ਨਕਰਤਾ :** ਹੁਣ, ਆਤਮਦਸ਼ਾ ਸਾਧਣ ਨਾਲ ਆਤਮਾ ਦਾ ਗਿਆਨ ਹੁੰਦਾ ਹੈ?

**ਦਾਦਾਸ਼੍ਰੀ :** ਹਾਂ।

**ਪ੍ਰਸ਼ਨਕਰਤਾ :** ਤੇ ਆਤਮਦਸ਼ਾ ਸਾਧਣ ਨਾਲ ਆਤਮਾ ਦਾ ਅਨੁਭਵ ਹੁੰਦਾ ਹੈ?

**ਦਾਦਾਸ਼੍ਰੀ :** ਉਹ ਆਤਮਦਸ਼ਾ ਸਾਧਦਾ ਹੈ ਮਤਲਬ ਅਨੁਭਵ ਦੇ ਵੱਲ ਵੱਧਣ ਲੱਗਦਾ ਹੈ, ਸਾਧਨਾ ਕਰਦੇ ਹਨ। ਸਾਧਨਾ ਦਾ ਕੀ ਅਰਥ ਹੈ? 'ਆਤਮ ਭਾਵਨਾ ਕਰਤੇ ਜੀਵ ਲਹੇ ਕੇਵਲਗਿਆਨ ਰੇ!' ਪਰ ਆਤਮਭਾਵਨਾ ਉਸਨੂੰ ਪ੍ਰਾਪਤ ਹੋਣੀ ਚਾਹੀਦੀ ਹੈ ਨਾ? ਅਸੀਂ ਇੱਥੇ ਜੋ ਗਿਆਨ ਦਿੰਦੇ ਹਾਂ, ਉਹ ਆਤਮਦਸ਼ਾ ਦੀ ਹੀ ਪ੍ਰਾਪਤੀ ਕਰਵਾਉਂਦੇ ਹਾਂ ਅਤੇ ਉਸਨੂੰ ਪ੍ਰਾਪਤ ਕਰਨ ਤੋਂ ਬਾਅਦ ਉਸਨੂੰ ਫਿਰ ਅੱਗੇ ਦੀ ਦਸ਼ਾ ਪ੍ਰਾਪਤ ਹੁੰਦੀ ਹੈ ਅਤੇ ਉਸ ਵਿੱਚ ਕੋਈ ਜਿਵੇਂ-ਜਿਵੇਂ ਅੱਗੇ ਵੱਧਦਾ ਹੈ ਉਸਨੂੰ ਉਪਧਿਆਏ ਦਸ਼ਾ ਪ੍ਰਾਪਤ ਹੁੰਦੀ ਹੈ। ਇੱਥੇ ਇਸ ਸਮੇਂ ਆਖ਼ਰੀ ਕਿਹੜੇ ਪਦ ਤੱਕ ਪਹੁੰਚ ਸਕਦੇ ਹਾਂ? ਆਚਾਰਿਆ ਪਦ ਤੱਕ ਜਾ ਸਕਦੇ ਹਨ। ਉਸ ਤੋਂ ਅੱਗੇ ਨਹੀਂ ਜਾ ਸਕਦੇ।

**ਪ੍ਰਸ਼ਨਕਰਤਾ :** ਅਸੀਂ ਕਿਵੇਂ ਤੈਅ ਕਰ ਸਕਦੇ ਹਾਂ ਕਿ ਇਹ ਆਤਮਦਸ਼ਾ ਸਾਧ ਰਹੇ ਹਨ ਜਾਂ ਨਹੀਂ?

**ਦਾਦਾਸ਼੍ਰੀ :** ਹਾਂ, ਅਸੀਂ ਉਸਦੇ ਬਾਧਕ ਗੁਣ ਦੇਖ ਲਈਏ ਤਾਂ ਪਤਾ ਚੱਲ ਜਾਵੇਗਾ। ਆਤਮ ਦਸ਼ਾ ਸਾਧਣ ਵਾਲਾ ਮਨੁੱਖ ਸਿਰਫ਼ ਸਾਧਕ ਹੀ ਹੋਵੇਗਾ, ਬਾਧਕ ਨਹੀਂ ਹੋਵੇਗਾ। ਸਾਧੂ ਹਮੇਸ਼ਾ ਸਾਧਕ ਹੁੰਦੇ ਹਨ ਅਤੇ ਵਰਤਮਾਨ ਵਿੱਚ ਇਹ ਜੋ ਸਾਧੂ ਹਨ ਉਹ ਇਸ ਦੂਸ਼ਮਕਾਲ ਦੀ ਵਜ੍ਹਾ ਨਾਲ ਸਾਧਕ ਨਹੀਂ ਹਨ, ਸਾਧਕ-ਬਾਧਕ ਹੈ। ਸਾਧਕ-ਬਾਧਕ ਯਾਨੀ ਪਤਨੀ-ਬੱਚਿਆਂ ਨੂੰ ਛੱਡ ਕੇ, ਤਪ-ਤਿਆਗ ਆਦਿ ਕਰਦੇ ਹਨ। ਅੱਜ ਸਾਮਾਯਿਕ-ਪ੍ਰਤੀਕ੍ਰਮਣ ਕਰਕੇ ਸੌ ਰੁਪਏ ਕਮਾਉਂਦੇ ਹਨ ਪਰ ਸ਼ਿਸ਼ਯ ਦੇ ਨਾਲ ਝਗੜਾ ਹੋਣ ਤੇ ਉਸਦੇ ਪ੍ਰਤੀ ਕ੍ਰੋਧਿਤ ਹੋ ਜਾਂਦੇ ਹਨ, ਤਾਂ ਡੇਢ ਸੌ ਰੁਪਏ ਗਵਾ ਦਿੰਦੇ ਹਨ। ਇਸ ਲਈ ਉਹ ਬਾਧਕ ਹੈ। ਸੱਚਾ ਸਾਧੂ ਕਦੇ ਵੀ ਬਾਧਕ ਨਹੀਂ ਬਣਦਾ, ਸਾਧਕ ਹੀ ਹੁੰਦਾ ਹੈ। ਜਿੰਨੇ ਸਾਧਕ ਹੁੰਦੇ ਹਨ ਨਾ, ਉਹ ਹੀ ਸਿੱਧ ਦਸ਼ਾ ਪ੍ਰਾਪਤ ਕਰ ਸਕਦੇ ਹਨ।

ਇਹ ਤਾਂ ਬਾਧਕ ਹਨ, ਇਹਨਾਂ ਨੂੰ ਛੇੜਦੇ ਹੀ ਚਿੜਨ ਨੂੰ ਦੇਰ ਨਹੀਂ ਲਗਾਉਂਦੇ ਨਾ! ਅਰਥਾਤ ਇਹ ਸਾਧੂ ਨਹੀਂ, ਤਿਆਗੀ ਕਹਾਉਂਦੇ ਹਨ। ਅੱਜਕਲ ਦੇ ਜ਼ਮਾਨੇ ਦੇ ਹਿਸਾਬ ਨਾਲ ਇਹਨਾਂ ਨੂੰ ਸਾਧੂ ਕਹਿ ਸਕਦੇ ਹਾਂ। ਬਾਕੀ ਤਾਂ ਸਾਧੂ-ਤਿਆਗੀਆਂ ਦਾ ਕ੍ਰੋਧ ਖੁੱਲਮਖੁੱਲਾ ਨਜਰ ਆਉਂਦਾ ਹੈ ਨਾ! ਓਏ! ਸੁਣਾਈ ਵੀ ਦਿੰਦਾ ਹੈ। ਜੋ ਕ੍ਰੋਧ ਸੁਣਾਈ ਦੇਵੇ ਉਹ ਕ੍ਰੋਧ ਕਿਹੋ ਜਿਹਾ ਹੋਵੇਗਾ?

**ਪ੍ਰਸ਼ਨਕਰਤਾ :** ਅਨੰਤਾਨੁਬੰਧੀ?

**ਦਾਦਾਸ਼੍ਰੀ :** ਹਾਂ, ਜੋ ਕ੍ਰੋਧ ਦੂਸਰਿਆਂ ਨੂੰ ਭੈਭੀਤ ਕਰੇ, ਸਾਨੂੰ ਸੁਣਾਈ (ਦਿਖਾਈ) ਦੇਵੇ, ਉਹ ਅਨੰਤਾਨੁਬੰਧੀ ਕਹਾਉਂਦਾ ਹੈ।

## ॐ ਦਾ ਸਵਰੂਪ

**ਪ੍ਰਸ਼ਨਕਰਤਾ : ॐ**, ਉਹ ਨਵਕਾਰ ਮੰਤਰ ਦਾ ਛੋਟਾ ਰੂਪ ਹੈ?

**ਦਾਦਾਸ਼੍ਰੀ :** ਹਾਂ, ਸਮਝ ਕੇ **ॐ** ਬੋਲਣ ਨਾਲ ਧਰਮ ਧਿਆਨ ਹੁੰਦਾ ਹੈ।

**ਪ੍ਰਸ਼ਨਕਰਤਾ :** ਨਵਕਾਰ ਮੰਤਰ ਦੀ ਬਜਾਇ **ੴ**, ਇੰਨਾ ਕਹੀਏ ਤਾਂ ਚੱਲੇਗਾ?

**ਦਾਦਾਸ਼੍ਰੀ :** ਹਾਂ, ਪਰ ਉਹ ਸਮਝ ਕੇ ਕਰੀਏ ਤਾਂ! ਇਹ ਲੋਕ ਬੋਲਦੇ ਹਨ ਉਹ ਅਰਥਹੀਨ ਹੈ। ਸੱਚਾ ਨਵਕਾਰ ਮੰਤਰ ਬੋਲਣ ਤੋਂ ਬਾਅਦ ਤਾਂ ਘਰ ਵਿੱਚ ਕਲ਼ੇਸ਼ ਹੋਣਾ ਬੰਦ ਹੋ ਜਾਵੇ। ਹੁਣ ਘਰ-ਘਰ ਵਿੱਚ ਕਲ਼ੇਸ਼ ਬੰਦ ਹੋ ਗਏ ਹਨ ਨਾ?

**ਪ੍ਰਸ਼ਨਕਰਤਾ :** ਨਹੀ ਹੋਏ।

**ਦਾਦਾਸ਼੍ਰੀ :** ਜਾਰੀ ਹੀ ਹਨ? ਜੇ ਕਲ਼ੇਸ਼ ਬੰਦ ਨਾ ਹੋਵੇ ਤਾਂ ਸਮਝਣਾ ਕਿ ਹੁਣ ਤੱਕ ਇਹ ਨਵਕਾਰ ਮੰਤਰ ਚੰਗੀ ਤਰ੍ਹਾਂ ਸਮਝ ਕੇ ਨਹੀਂ ਬੋਲ ਰਹੇ ਹਨ।

ਇਹ ਨਵਕਾਰ ਮੰਤਰ ਜੋ ਹੈ, ਉਸਨੂੰ ਬੋਲਣ ਨਾਲ **ੴ** (ਪੰਚ ਪਰਮੇਸ਼ਠੀ) ਖੁਸ਼ ਹੋ ਜਾਂਦੇ ਹਨ, ਭਗਵਾਨ ਖੁਸ਼ ਹੋ ਜਾਂਦੇ ਹਨ। ਸਿਰਫ਼ **ੴ** ਬੋਲਣ ਨਾਲ ਕਦੇ **ੴ** ਖੁਸ਼ ਨਹੀਂ ਹੁੰਦਾ! ਸੋ: ਇਹ ਨਵਕਾਰ ਮੰਤਰ ਵੀ ਬੋਲਣਾ! ਇਹ ਨਵਕਾਰ ਮੰਤਰ ਉਹੀ **ੴ** ਹੈ! ਇਹਨਾਂ ਸਭ ਦੇ ਸੰਖੇਪ ਰੂਪ ਵਿੱਚ **ੴ** ਸ਼ਬਦ ਰੱਖਿਆ ਹੈ। ਕਰਨ ਵਾਲਿਆਂ ਨੇ ਲੋਕਾਂ ਦੇ ਲਾਭ ਹੇਤੂ ਏਦਾਂ ਕੀਤਾ ਹੈ ਪਰ ਲੋਕਾਂ ਵਿੱਚ ਸਮਝ ਨਾ ਹੋਣ ਕਾਰਨ ਨਾ ਜਾਣੇ ਉਸਦਾ ਕੀ ਤੋਂ ਕੀ ਹੋ ਗਿਆ ਅਤੇ ਗੱਲ ਵਿਗੜ ਗਈ।

## ਉਹ ਪਹੁੰਚੇ ਅਕ੍ਰਮ ਦੇ ਮਹਾਤਮਾਵਾਂ ਨੂੰ

**ਪ੍ਰਸ਼ਨਕਰਤਾ :** ਭਗਵਾਨ ਨੇ **ੴ** ਸਵਰੂਪ ਕਿਸ ਨੂੰ ਕਿਹਾ ਹੈ?

**ਦਾਦਾਸ਼੍ਰੀ :** ਜਿਸ ਨੂੰ ਮੈਂ ਇੱਥੇ ਗਿਆਨ ਦਿੰਦਾ ਹਾਂ ਨਾ, ਉਹ ਉਸ ਦਿਨ ਤੋਂ ਹੀ 'ਮੈਂ ਸ਼ੁੱਧਾਤਮਾਂ ਹਾਂ' ਬੋਲਣ ਲੱਗਦਾ ਹੈ, ਉਦੋਂ ਤੋਂ ਉਹ ਸਾਧੂ ਬਣ ਜਾਂਦਾ ਹੈ। ਸ਼ੁੱਧਾਤਮਾ ਦਸ਼ਾ ਸਾਧੇ ਉਹ ਸਾਧੂ। ਇਸ ਲਈ ਸਾਡੇ ਇਹ ਮਹਾਤਮਾ, ਜਿਨ੍ਹਾਂ ਨੂੰ ਮੈਂ ਗਿਆਨ ਦਿੱਤਾ ਹੈ ਨਾ, ਉਹਨਾਂ ਨੂੰ ਇਹ ਨਵਕਾਰ ਪਹੁੰਚਦਾ ਹੈ।

ਹਾਂ, ਲੋਕ ਨਵਕਾਰ ਮੰਤਰ ਬੋਲਦੇ ਹਨ ਨਾ, ਉਸਦੀ ਜ਼ਿੰਮੇਦਾਰੀ ਤੁਹਾਡੇ ਸਿਰ ਤੇ ਆਉਂਦੀ ਹੈ। ਕਿਉਂਕਿ ਤੁਸੀਂ ਵੀ ਨਵਕਾਰ ਵਿੱਚ ਆ ਗਏ। ਆਤਮਦਸ਼ਾ ਸਾਧੇ ਉਹ ਸਾਧੂ।

ਉਸ ਤੋਂ ਬਾਅਦ ਤੁਸੀਂ ਹੌਲ਼ੀ-ਹੌਲ਼ੀ ਥੋੜਾ-ਥੋੜਾ ਖੁਦ ਸਮਝਣ ਲੱਗੇ ਅਤੇ ਥੋੜਾ-ਥੋੜਾ ਦੂਸਰਿਆਂ ਨੂੰ ਸਮਝਾ ਸਕੇ, ਏਦਾਂ ਹੋਇਆ ਅਰਥਾਤ ਤੁਸੀਂ ਸਾਧੂ ਤੋਂ ਅੱਗੇ ਪਹੁੰਚੇ। ਉਦੋਂ ਤੋਂ ਉਪਾਧਿਆਏ ਹੋਣ ਲੱਗੇ ਅਤੇ ਆਚਾਰਿਆ ਪਦ ਇਸ ਕਾਲ ਵਿੱਚ ਜਲਦੀ ਮਿਲੇ ਏਦਾਂ ਹੈ ਨਹੀਂ, ਸਾਡੇ ਜਾਣ ਤੋਂ ਬਾਅਦ ਨਿੱਕਲੇਗਾ ਉਹ ਗੱਲ ਅਲੱਗ ਹੈ।

## ਨਵਕਾਰ ਦਾ ਮਹਾਤਮ

'ਐਸੋ ਪੰਚ ਨਮੁਕਾਰੋ' ਅਰਥਾਤ ਇਹ ਜੋ ਉੱਪਰ ਦੱਸੇ ਗਏ ਹਨ, ਉਹਨਾਂ ਪੰਜਾਂ ਨੂੰ ਨਮਸਕਾਰ ਕਰਦਾ ਹਾਂ।

'ਸਵ੍ਵ ਪਾਵਪਣਾਸਣੋਂ' ਅਰਥਾਤ ਇਹ ਸਾਰੇ ਪਾਪਾਂ ਦਾ ਨਾਸ਼ ਕਰਨ ਵਾਲਾ ਹੈ। ਇਸ ਨੂੰ ਬੋਲਣ ਨਾਲ ਸਾਰੇ ਪਾਪ ਭਸਮੀਭੂਤ ਹੋ ਜਾਂਦੇ ਹਨ।

'ਮੰਗਲਾਣੰ 'ਚ ਸਵੇਂਸਿ' ਅਰਥਾਤ ਸਾਰੇ ਮੰਗਲਾਂ ਵਿੱਚ...

'ਪੜ੍ਹਮੰ ਹਵਈ ਮੰਗਲੰਮ' ਅਰਥਾਤ ਇਹ ਪਹਿਲਾ ਮੰਗਲ ਹੈ। ਇਸ ਦੁਨੀਆਂ ਵਿੱਚ ਜੋ ਸਾਰੇ ਮੰਗਲ ਹਨ, ਉਹਨਾਂ ਸਭ ਵਿੱਚ ਸਭ ਤੋਂ ਪਹਿਲਾ ਮੰਗਲ ਇਹ ਹੈ, ਸਭ ਤੋਂ ਵੱਡਾ ਮੰਗਲ ਇਹ ਹੈ, ਏਦਾਂ ਕਹਿਣਾ ਚਾਹੁੰਦੇ ਹਨ।

ਬੋਲੋ ਹੁਣ, ਕੀ ਸਾਨੂੰ ਇਸ ਨੂੰ ਛੱਡ ਦੇਣਾ ਚਾਹੀਦਾ ਹੈ? ਪੱਖਪਾਤ ਦੇ ਲਈ ਛੱਡ ਦੇਣਾ ਚਾਹੀਦਾ ਹੈ? ਭਗਵਾਨ ਨਿਰਪੱਖਪਾਤੀ ਹੋਣਗੇ ਕਿ ਪੱਖਪਾਤੀ ਹੋਣਗੇ?

**ਪ੍ਰਸ਼ਨਕਰਤਾ :** ਨਿਰਪੱਖਪਾਤੀ।

**ਦਾਦਾਸ਼੍ਰੀ :** ਤਾਂ ਫਿਰ ਜਿਵੇਂ, ਭਗਵਾਨ ਕਹਿੰਦੇ ਹਨ, ਉਸ ਤਰ੍ਹਾਂ ਉਹਨਾਂ ਦੇ ਨਿਰਪੱਖਪਾਤੀ ਮੰਤਰ ਨੂੰ ਭਜੋ।

## ਤ੍ਰਿਮੰਤਰ ਨਾਲ ਹਲਕਾ ਹੋਵੇ ਭੋਗਵਟਾ

**ਪ੍ਰਸ਼ਨਕਰਤਾ :** ਤ੍ਰਿਮੰਤਰ ਵਿੱਚ ਸਵ੍ਰ ਪਾਵਪਣਾਸਣੋਂ ਆਉਂਦਾ ਹੈ। ਇਹ ਸਾਰੇ ਪਾਪਾਂ ਦਾ ਨਾਸ਼ ਕਰਨ ਵਾਲਾ ਹੈ, ਤਾਂ ਫਿਰ ਕੀ ਬਿਨਾਂ ਭੋਗਵਟੇ ਦੇ ਉਹ ਨਸ਼ਟ ਹੋ ਜਾਂਦੇ ਹਨ?

**ਦਾਦਾਸ਼੍ਰੀ :** ਉਹ ਭੋਗਵਟਾ ਤਾਂ ਆਵੇਗਾ। ਏਦਾਂ ਹੈ ਨਾ, ਤੁਸੀਂ ਇੱਥੇ ਮੇਰੇ ਨਾਲ ਚਾਰ ਦਿਨ ਰਹੋ, ਤਾਂ ਤੁਹਾਨੂੰ ਕਰਮਾਂ ਦਾ ਭੋਗਵਟਾ ਤਾਂ ਰਹੇਗਾ ਪਰ ਉਹ ਭੋਗਵਟਾ ਮੇਰੀ ਹਾਜ਼ਰੀ ਵਿੱਚ ਹਲਕਾ ਹੋ ਜਾਵੇਗਾ। ਏਦਾਂ ਤ੍ਰਿਮੰਤਰ ਦੀ ਹਾਜ਼ਰੀ ਨਾਲ ਭੋਗਵਟੇ ਵਿੱਚ ਬਹੁਤ ਫ਼ਰਕ ਪੈ ਜਾਂਦਾ ਹੈ। ਫਿਰ ਉਸਦਾ ਤੁਹਾਡੇ ਉੱਤੇ ਜ਼ਿਆਦਾ ਅਸਰ ਨਹੀਂ ਹੋਵੇਗਾ।

ਹੁਣ ਇੱਕ ਆਦਮੀ ਨੂੰ ਜਿਸਨੂੰ ਗਿਆਨ ਨਹੀਂ ਹੈ, ਉਸਨੂੰ ਚਾਰ ਦਿਨ ਦੇ ਲਈ ਜੇਲ਼ ਵਿੱਚ ਭੇਜ਼ ਦਿੱਤਾ ਜਾਵੇ ਤਾਂ ਉਸਨੂੰ ਕਿੰਨੀ ਘਬਰਾਹਟ, ਬੇਚੈਨੀ ਹੋਵੇਗੀ? ਅਤੇ ਗਿਆਨ ਵਾਲੇ ਨੂੰ ਜੇਲ਼ ਵਿੱਚ ਭੇਜਿਆ ਜਾਵੇ, ਤਾਂ? ਉਸ ਵਿੱਚ ਕੀ ਹੈ ਕਿ ਭੋਗਵਟਾ ਤਾਂ ਉਹੀ ਦਾ ਉਹੀ ਹੈ ਪਰ ਉਹ ਅੰਦਰ ਅਸਰ ਨਹੀਂ ਕਰਦਾ।

## ਵਿਵਸਥਿਤ ਵਿੱਚ ਹੋਵੇਗਾ, ਤਾਂ ਹੀ ਜਪਿਆ ਜਾਵੇਗਾ

**ਪ੍ਰਸ਼ਨਕਰਤਾ :** ਤੁਸੀਂ ਕਹਿੰਦੇ ਹੋ ਕਿ ਤ੍ਰਿਮੰਤਰ ਸਾਡੀਆਂ ਸਾਰੀਆਂ ਅੜਚਨਾਂ ਦੂਰ ਕਰ ਦਿੰਦਾ ਹੈ। ਤੁਸੀਂ ਇਹ ਵੀ ਕਹਿੰਦੇ ਹੋ ਕਿ ਸਭ 'ਵਿਵਸਥਿਤ' ਹੀ ਹੈ, ਤਾਂ ਫਿਰ ਤ੍ਰਿਮੰਤਰ ਵਿੱਚ ਸ਼ਕਤੀ ਕਿੱਥੇ ਤੋਂ ਆਈ?

**ਦਾਦਾਸ਼੍ਰੀ :** ਵਿਵਸਥਿਤ ਯਾਨੀ ਕੀ, ਕਿ ਜੇ ਅੜਚਨ ਦੂਰ ਹੋਣ ਵਾਲੀ ਨਾ ਹੋਵੇ ਤਾਂ ਉਦੋਂ ਤੱਕ ਸਾਡੇ ਤੋਂ ਤ੍ਰਿਮੰਤਰ ਨਹੀਂ ਬੋਲੇ ਜਾਣਗੇ, ਇਸ ਤਰ੍ਹਾਂ 'ਵਿਵਸਥਿਤ' ਹੈ, ਏਦਾਂ ਸਮਝ ਲੈਣਾ।

**ਪ੍ਰਸ਼ਨਕਰਤਾ :** ਪਰ ਤ੍ਰਿਮੰਤਰ ਬੋਲਣ ਤੇ ਵੀ ਅੜਚਨ ਦੂਰ ਨਾ ਹੋਵੇ ਤਾਂ ਕੀ ਸਮਝਣਾ ਚਾਹੀਦਾ ਹੈ?

**ਦਾਦਾਸ਼੍ਰੀ :** ਉਹ ਅੜਚਨ ਕਿੰਨੀ ਵੱਡੀ ਸੀ ਅਤੇ ਕਿੰਨੀ ਘਟ ਗਈ, ਉਹ ਤੁਹਾਨੂੰ ਪਤਾ ਨਹੀਂ ਚੱਲਦਾ ਪਰ ਸਾਨੂੰ ਉਹ ਪਤਾ ਚੱਲਦਾ ਹੈ।

## ਨਵਕਾਰ ਅਰਥਾਤ ਨਮਸਕਾਰ

**ਪ੍ਰਸ਼ਨਕਰਤਾ :** ਕੁੱਝ ਲੋਕ 'ਨਮੋ ਲੋਏ ਸਵ੍ਵਸਾਹੁਣਮ' ਤੱਕ ਹੀ ਬੋਲਦੇ ਹਨ ਅਤੇ ਕੁੱਝ ਲੋਕ 'ਐਸੋ ਪੰਚ ਨਮੁਕਾਰੋ' ਅਤੇ ਆਖ਼ਿਰ ਤੱਕ ਬੋਲਦੇ ਹਨ। ਦੋਵਾਂ ਵਿੱਚੋਂ ਕਿਹੜਾ ਸਹੀ ਹੈ?

**ਦਾਦਾਸ਼੍ਰੀ :** 'ਐਸੋ ਪੰਚ ਨਮੁਕਾਰੋ' ਤੋਂ ਪਿੱਛੇ ਦੇ ਚਾਰ ਵਾਕ ਨਾ ਬੋਲੀਏ ਤਾਂ ਹਰਜ਼ ਨਹੀਂ ਹੈ। ਮੰਤਰ ਤਾਂ ਪੰਜ ਹੀ ਹਨ ਅਤੇ ਪਿੱਛੇ ਦੇ ਚਾਰ ਵਾਕ ਤਾਂ ਉਸਦਾ ਮਹਾਤਮ ਸਮਝਾਉਣ ਦੇ ਲਈ ਲਿਖੇ ਗਏ ਹਨ।

**ਪ੍ਰਸ਼ਨਕਰਤਾ :** ਨਵ (ਨੌ) ਪਦ ਦੇ ਹਿਸਾਬ ਨਾਲ ਇਹ ਨਵਕਾਰ ਮੰਤਰ ਕਹਾਉਂਦਾ ਹੈ?

**ਦਾਦਾਸ਼੍ਰੀ :** ਨਹੀਂ, ਨਹੀਂ, ਏਦਾਂ ਨਹੀਂ। ਇਹ ਨਵ ਪਦ ਨਹੀਂ ਹੈ। ਇਹ ਨਮਸਕਾਰ ਮੰਤਰ ਹੈ, ਉਸਦੇ ਬਦਲੇ ਨਵਕਾਰ ਹੋ ਗਿਆ। ਇਹ ਮੂਲ ਸ਼ਬਦ ਨਮਸਕਾਰ ਮੰਤਰ ਹੈ, ਉਸਦੇ ਬਦਲੇ ਮਾਗਧੀ ਭਾਸ਼ਾ ਵਿੱਚ ਨਵਕਾਰ ਬੋਲਦੇ ਹਨ। ਇਸ ਲਈ ਨਮਸਕਾਰ ਨੂੰ ਹੀ ਇਹ ਨਵਕਾਰ ਕਹਿੰਦੇ ਹਨ। ਅਰਥਾਤ ਨਵ ਪਦ ਨਾਲ ਇਸਦਾ ਲੈਣਾ-ਦੇਣਾ ਨਹੀਂ ਹੈ। ਇਹ ਪੰਜ ਹੀ ਨਮਸਕਾਰ ਹਨ।

## ॐ ਨਮੋ ਭਗਵਤੇ ਵਾਸੂਦੇਵਾਯ...

**ਪ੍ਰਸ਼ਨਕਰਤਾ :** ਫਿਰ '**ॐ** ਨਮੋ ਭਗਵਤੇ ਵਾਸੂਦੇਵਾਯ' ਸਮਝਾਓ।

**ਦਾਦਾਸ਼੍ਰੀ :** ਵਾਸੂਦੇਵ ਭਗਵਾਨ! ਅਰਥਾਤ ਜੋ ਵਾਸੂਦੇਵ ਭਗਵਾਨ ਨਰ ਵਿੱਚੋਂ ਨਰਾਇਣ ਬਣੇ, ਉਹਨਾਂ ਨੂੰ ਮੈਂ ਨਮਸਕਾਰ ਕਰਦਾ ਹਾਂ। ਜਦੋਂ ਨਰਾਇਣ ਹੋ ਜਾਂਦੇ ਹਨ, ਉਦੋਂ ਵਾਸੂਦੇਵ ਕਹਾਉਂਦੇ ਹਨ।

**ਪ੍ਰਸ਼ਨਕਰਤਾ :** ਸ਼੍ਰੀਕ੍ਰਿਸ਼ਨ, ਮਹਾਂਵੀਰ ਸਵਾਮੀ ਉਹ ਸਭ ਕੀ ਹਨ?

**ਦਾਦਾਸ਼੍ਰੀ :** ਉਹ ਸਭ ਤਾਂ ਭਗਵਾਨ ਹਨ। ਉਹ ਦੇਹਧਾਰੀ ਰੂਪ ਵਿੱਚ ਭਗਵਾਨ ਕਹਾਉਂਦੇ ਹਨ। ਉਹ ਭਗਵਾਨ ਕਿਉਂ ਕਹਾਉਂਦੇ ਹਨ ਕਿ ਅੰਦਰ ਸੰਪੂਰਨ ਭਗਵਾਨ ਪ੍ਰਗਟ ਹੋਏ ਹਨ। ਇਸ ਲਈ ਅਸੀਂ ਉਹਨਾਂ ਨੂੰ ਦੇਹ ਸਹਿਤ ਭਗਵਾਨ ਕਹਿੰਦੇ ਹਾਂ।

ਜੋ ਮਹਾਂਵੀਰ ਭਗਵਾਨ ਹੋਏ, ਰਿਸ਼ਭਦੇਵ ਭਗਵਾਨ ਹੋਏ ਉਹ ਪੂਰਨ ਭਗਵਾਨ ਕਹਾਉਂਦੇ ਹਨ। ਕ੍ਰਿਸ਼ਨ ਭਗਵਾਨ ਤਾਂ ਵਾਸੂਦੇਵ ਭਗਵਾਨ ਕਹਾਉਂਦੇ ਹਨ, ਉਸ ਵਿੱਚ ਕੋਈ ਸ਼ੱਕ ਨਹੀਂ ਹੈ ਨਾ? ਵਾਸੂਦੇਵ ਯਾਨੀ ਨਰਾਇਣ। ਨਰ ਵਿੱਚੋਂ ਜੋ ਨਰਾਇਣ ਹੋਏ ਇਹੋ ਜਿਹੇ ਭਗਵਾਨ ਪ੍ਰਗਟ ਹੋਏ ਸਨ। ਉਹਨਾਂ ਨੂੰ ਅਸੀਂ ਭਗਵਾਨ ਕਹਿੰਦੇ ਹਾਂ।

ਵਾਸੂਦੇਵ ਦੀ ਗਿਣਤੀ ਭਗਵਾਨ ਵਿੱਚ ਹੁੰਦੀ ਹੈ। ਸ਼ਿਵ ਦੀ ਗਿਣਤੀ ਭਗਵਾਨ ਵਿੱਚ ਹੁੰਦੀ ਹੈ ਅਤੇ ਸੱਚਿਦਾਨੰਦ, ਉਹ ਵੀ ਭਗਵਾਨ ਵਿੱਚ ਗਿਣੇ ਜਾਂਦੇ ਹਨ ਅਤੇ ਇਹ ਪੰਜੇ ਪਰਮੇਸ਼ਠੀ ਵੀ ਭਗਵਾਨ ਵਿੱਚ ਹੀ ਗਿਣੇ ਜਾਂਦੇ ਹਨ। ਕਿਉਂਕਿ ਇਹ ਸੱਚੇ ਸਾਧਕ ਹੁੰਦੇ ਹਨ ਇਹ ਸਭ ਭਗਵਾਨ ਵਿੱਚ ਗਿਣੇ ਜਾਂਦੇ ਹਨ। ਪਰ ਇਹ ਪੰਚ ਪਰਮੇਸ਼ਠੀ ਕਾਰਜ-ਭਗਵਾਨ ਕਹਾਉਂਦੇ ਹਨ, ਜਦੋਂ ਕਿ ਵਾਸੂਦੇਵ ਅਤੇ ਸ਼ਿਵ ਕਾਰਣ-ਭਗਵਾਨ ਕਹਾਉਂਦੇ ਹਨ। ਉਹ ਕਾਰਜ-ਭਗਵਾਨ ਹੋਣ ਦੇ ਕਾਰਣਾ ਦਾ ਸੇਵਨ ਕਰਦੇ ਹਨ।

## ਨਰ ਵਿੱਚੋਂ ਨਰਾਇਣ

**ਪ੍ਰਸ਼ਨਕਰਤਾ :** '**ਓਁ** ਨਮੋ ਭਗਵਤੇ ਵਾਸੂਦੇਵਾਯ' ਦਾ ਜ਼ਰਾ ਵਿਸ਼ੇਸ਼ ਰੂਪ ਵਿੱਚ ਸਪਸ਼ਟੀਕਰਣ ਕਰੋ।

**ਦਾਦਾਸ਼੍ਰੀ :** ਇਹ ਸ਼੍ਰੀਕ੍ਰਿਸ਼ਨ ਭਗਵਾਨ ਵਾਸੂਦੇਵ ਹਨ, ਰਿਸ਼ਭਦੇਵ ਭਗਵਾਨ ਦੇ ਸਮੇਂ ਤੋਂ ਲੈ ਕੇ ਅੱਜ ਤੱਕ ਉਸ ਤਰ੍ਹਾਂ ਦੇ ਨੌ ਵਾਸੂਦੇਵ ਹੋ ਚੁੱਕੇ ਹਨ। ਵਾਸੂਦੇਵ ਯਾਨੀ ਜੋ ਨਰ ਵਿੱਚੋਂ ਨਰਾਇਣ ਬਣੇ, ਉਸ ਪਦ ਨੂੰ ਵਾਸੂਦੇਵ ਕਹਿੰਦੇ ਹਨ। ਤਪ-ਤਿਆਗ ਕੁੱਝ ਵੀ ਨਹੀਂ। ਉਹਨਾਂ ਦੇ ਤਾਂ

ਮਾਰਧਾੜ-ਝਗੜੇ-ਤੂਫ਼ਾਨ ਸਭ ਕੁੱਝ ਉਹਨਾਂ ਦੇ ਪ੍ਰਤੀਪੱਖੀ (ਵਿਰੋਧੀ) ਨਾਲ ਹੁੰਦੇ ਹਨ। ਇਸਲਈ ਤਾਂ ਉਹਨਾਂ ਦੇ ਪ੍ਰਤੀਪੱਖੀ ਦੇ ਰੂਪ ਵਿੱਚ ਪ੍ਰਤੀਵਾਸੂਦੇਵ ਜਨਮ ਲੈਂਦੇ ਹਨ। ਉਹ ਪ੍ਰਤੀਨਰਾਇਣ ਕਹਾਉਂਦੇ ਹਨ। ਉਹਨਾਂ ਦੋਵਾਂ ਦੇ ਝਗੜੇ ਹੁੰਦੇ ਰਹਿੰਦੇ ਹਨ ਅਤੇ ਉਦੋਂ ਨੌ ਬਲਦੇਵ ਵੀ ਹੁੰਦੇ ਹਨ। ਕ੍ਰਿਸ਼ਨ ਵਾਸੂਦੇਵ ਕਹਾਉਂਦੇ ਹਨ ਅਤੇ ਬਲਰਾਮ (ਸ਼੍ਰੀਕ੍ਰਿਸ਼ਨ ਦੇ ਵੱਡੇ ਭਰਾ) ਉਹ, ਬਲਦੇਵ ਕਹਾਉਂਦੇ ਹਨ। ਭਗਵਾਨ ਰਾਮਚੰਦਰ ਜੀ ਵਾਸੂਦੇਵ ਨਹੀਂ ਕਹਾਉਂਦੇ, ਰਾਮਚੰਦਰ ਜੀ ਬਲਦੇਵ ਕਹਾਉਂਦੇ ਹਨ। ਲੱਛਮਣ ਵਾਸੂਦੇਵ ਕਹਾਉਂਦੇ ਹਨ ਅਤੇ ਰਾਵਣ ਪ੍ਰਤੀਵਾਸੂਦੇਵ ਕਹਾਉਂਦੇ ਹਨ। ਰਾਵਣ ਪੂਜਨੀਕ ਹਨ। ਰਾਵਣ ਖਾਸ ਪੂਜਾ ਕਰਨ ਯੋਗ ਹਨ। ਲੋਕ ਉਹਨਾਂ ਦੇ ਪੁਤਲੇ ਜਲਾਉਂਦੇ ਹਨ। ਭਿਅੰਕਰ ਤਰੀਕੇ ਨਾਲ ਜਲਾਉਂਦੇ ਹਨ ਨਾ! ਦੇਖੋ ਨਾ! ਇਹੋ ਜਿਹਾ ਉਲਟਾ ਗਿਆਨ ਜਿੱਥੇ ਫੈਲਿਆ ਹੋਇਆ ਹੈ, ਉਸ ਦੇਸ਼ ਦਾ ਭਲਾ ਫਿਰ ਕਿਵੇਂ ਹੋਵੇਗਾ? ਰਾਵਣ ਦੇ ਪੁਤਲੇ ਨਹੀਂ ਜਲਾਉਂਣੇ ਚਾਹੀਦੇ।

ਇਸ ਕਾਲ ਦੇ ਵਾਸੂਦੇਵ ਯਾਨੀ ਕੌਣ? ਕ੍ਰਿਸ਼ਨ ਭਗਵਾਨ। ਇਸ ਲਈ ਇਹ ਨਮਸਕਾਰ ਕ੍ਰਿਸ਼ਨ ਭਗਵਾਨ ਨੂੰ ਪਹੁੰਚਦੇ ਹਨ। ਉਹਨਾਂ ਦੇ ਜੋ ਸ਼ਾਸਨਦੇਵ ਹੋਣਗੇ, ਉਹਨਾਂ ਨੂੰ ਪਹੁੰਚਦੇ ਹਨ।

## ਵਾਸੂਦੇਵ ਪਦ, ਅਲੌਕਿਕ

ਵਾਸੂਦੇਵ ਤਾਂ ਕਿਹੋ ਜਿਹੇ ਹੁੰਦੇ ਹਨ? ਇੱਕ ਅੱਖ ਨਾਲ ਹੀ ਲੱਖਾਂ ਲੋਕ ਡਰ ਜਾਣ ਇਹੋ ਜਿਹੀਆਂ ਤਾਂ ਵਾਸੂਦੇਵ ਦੀਆਂ ਅੱਖਾਂ ਹੁੰਦੀਆਂ ਹਨ। ਉਹਨਾਂ ਦੀਆਂ ਅੱਖਾਂ ਦੇਖ ਕੇ ਹੀ ਡਰ ਜਾਣ। ਵਾਸੂਦੇਵ ਪਦ ਦਾ ਬੀਜ ਕਦੋਂ ਪਵੇਗਾ? ਵਾਸੂਦੇਵ ਹੋਣ ਵਾਲਾ ਹੋਵੇ ਤਾਂ ਕਈ ਅਵਤਾਰ ਪਹਿਲਾਂ ਤੋਂ ਇਹੋ ਜਿਹਾ ਪ੍ਰਭਾਵ ਹੁੰਦਾ ਹੈ। ਵਾਸੂਦੇਵ ਜਦੋਂ ਚੱਲਦੇ ਹਨ ਤਾਂ ਧਰਤੀ ਧਮਧਮਾਉਂਦੀ ਹੈ! ਹਾਂ, ਧਰਤੀ ਦੇ ਨੀਚੇ ਤੋਂ ਆਵਾਜ਼ ਆਉਂਦੀ ਹੈ। ਅਰਥਾਤ ਉਹ ਬੀਜ ਹੀ ਅਲੱਗ ਤਰ੍ਹਾਂ ਦਾ ਹੁੰਦਾ ਹੈ। ਉਹਨਾਂ ਦੀ ਹਾਜ਼ਰੀ ਨਾਲ ਹੀ ਲੋਕ ਇੱਧਰ-ਉੱਧਰ ਹੋ ਜਾਂਦੇ ਹਨ। ਉਹਨਾਂ ਦੀ ਗੱਲ ਹੀ ਅਲੱਗ ਹੈ। ਵਾਸੂਦੇਵ ਤਾਂ ਮੂਲ: ਜਨਮ ਤੋਂ ਹੀ ਪਹਿਚਾਣੇ ਜਾਂਦੇ ਹਨ ਕਿ ਵਾਸੂਦੇਵ ਹੋਣ ਵਾਲੇ ਹਨ। ਕਈ ਅਵਤਾਰਾਂ ਤੋਂ ਬਾਅਦ ਵਾਸੂਦੇਵ ਹੋਣ ਵਾਲਾ ਹੋਵੇ, ਉਸਦਾ ਸੰਕੇਤ ਅੱਜ ਤੋਂ ਹੀ ਮਿਲਣ

ਲੱਗਦਾ ਹੈ। ਤੀਰਥੰਕਰ ਨਹੀਂ ਪਹਿਚਾਣੇ ਜਾਂਦੇ ਪਰ ਵਾਸੂਦੇਵ ਪਹਿਚਾਣੇ ਜਾਂਦੇ ਹਨ। ਉਹਨਾਂ ਦੇ ਲੱਛਣ ਹੀ ਅਲੱਗ ਤਰ੍ਹਾਂ ਦੇ ਹੁੰਦੇ ਹਨ।ਪ੍ਰਤੀਵਾਸੂਦੇਵ ਵੀ ਇਹੋ ਜਿਹੇ ਹੀ ਹੁੰਦੇ ਹਨ।

**ਪ੍ਰਸ਼ਨਕਰਤਾ :** ਤਾਂ ਤੀਰਥੰਕਰ ਪਿਛਲੇ ਅਵਤਾਰਾਂ ਵਿੱਚ ਕਿਵੇਂ ਪਹਿਚਾਣੇ ਜਾਂਦੇ ਹਨ?

**ਦਾਦਾਸ਼੍ਰੀ :** ਤੀਰਥੰਕਰ ਸਿੱਧੇ-ਸਾਦੇ ਹੁੰਦੇ ਹਨ। ਉਹਨਾਂ ਦੀ ਲਾਈਨ ਹੀ ਸਿੱਧੀ ਹੁੰਦੀ ਹੈ। ਉਹਨਾਂ ਦੇ ਦੋਸ਼ ਹੁੰਦੇ ਹੀ ਨਹੀਂ, ਉਹਨਾਂ ਦੀ ਲਾਈਨ ਵਿੱਚ ਦੋਸ਼ ਆਉਂਦੇ ਹੀ ਨਹੀਂ ਅਤੇ ਦੋਸ਼ ਆ ਵੀ ਜਾਣ ਤਾਂ ਕਿਸੇ ਵੀ ਤਰ੍ਹਾਂ (ਗਿਆਨ ਨਾਲ) ਵਾਪਸ, ਉੱਥੇ ਦੇ ਉੱਥੇ ਹੀ ਆ ਜਾਂਦੇ ਹਨ। ਉਹ ਲਾਈਨ ਹੀ ਅਲੱਗ ਹੈ। ਜਦੋਂ ਕਿ ਵਾਸੂਦੇਵ ਅਤੇ ਪ੍ਰਤੀਵਾਸੂਦੇਵ ਵਿੱਚ ਤਾਂ ਕਈ ਅਵਤਾਰਾਂ ਤੋਂ ਪਹਿਲਾਂ ਤੋਂ ਹੀ ਇਹੋ ਜਿਹਾ ਗੁਣ ਹੁੰਦਾ ਹੈ। ਵਾਸੂਦੇਵ ਹੋਣਾ ਯਾਨੀ ਨਰ ਵਿੱਚੋਂ ਨਰਾਇਣ ਹੋਏ ਕਹਾਉਂਦੇ ਹਨ। ਨਰ ਵਿੱਚੋਂ ਨਰਾਇਣ ਯਾਨੀ ਕਿਸ ਫ਼ੇਜ਼ ਤੋਂ, ਜਿਵੇਂ ਕਿ ਜਦੋਂ ਪਡਵਾ (ਚੌਦਸ) ਹੁੰਦੀ ਹੈ ਉਦੋਂ ਤੋਂ ਪਤਾ ਨਹੀਂ ਚੱਲ ਜਾਂਦਾ ਕਿ ਹੁਣ ਪੂਨਮ ਹੋਣ ਵਾਲੀ ਹੈ। ਉਸੇ ਤਰ੍ਹਾਂ ਕਈ ਅਵਤਾਰ ਪਹਿਲਾਂ ਤੋਂ ਪਤਾ ਚੱਲ ਜਾਂਦਾ ਹੈ ਕਿ ਇਹ ਵਾਸੂਦੇਵ ਹੋਣ ਵਾਲੇ ਹਨ।

## ਨਹੀਂ ਬੋਲਣਾ ਉਲਟਾ, ਕ੍ਰਿਸ਼ਨ ਜਾਂ ਰਾਵਣ ਦਾ

ਇਹ ਜੋ ਤਰੇਂਹਠ ਸ਼ਲਾਕਾ ਪੁਰਖ ਕਹਾਉਂਦੇ ਹਨ ਨਾ, ਉਹਨਾਂ ਤੇ ਭਗਵਾਨ ਨੇ ਮੋਹਰ ਲਗਾਈ ਕਿ ਇਹ ਸਾਰੇ ਭਗਵਾਨ ਹੋਣ ਲਾਇਕ ਹਨ। ਇਸ ਲਈ ਅਸੀਂ ਇਕੱਲੇ ਅਰਿਹੰਤ ਨੂੰ ਭਜੀਏ ਅਤੇ ਇਹਨਾਂ ਵਾਸੂਦੇਵ ਨੂੰ ਨਾ ਭਜੀਏ ਤਾਂ ਵਾਸੂਦੇਵ ਭਵਿੱਖ ਵਿੱਚ ਅਰਿਹੰਤ ਹੋਣ ਵਾਲੇ ਹਨ। ਜੇ ਵਾਸੂਦੇਵ ਦਾ ਉਲਟਾ ਬੋਲਾਂਗੇ ਤਾਂ ਫਿਰ ਆਪਣਾ ਕੀ ਹੋਵੇਗਾ? ਲੋਕ ਕਹਿੰਦੇ ਹਨ ਨਾ, 'ਕ੍ਰਿਸ਼ਨ ਨੂੰ ਏਦਾਂ ਹੋਇਆ ਹੈ, ਓਦਾਂ ਹੋਇਆ ਹੈ...' ਓਏ, ਏਦਾਂ ਨਹੀਂ ਬੋਲਦੇ। ਉਹਨਾਂ ਦੇ ਬਾਰੇ ਕੁੱਝ ਨਹੀਂ ਬੋਲਣਾ। ਉਹਨਾਂ ਦੀ ਗੱਲ ਅਲੱਗ ਹੈ ਅਤੇ ਤੂੰ ਜੋ ਸੁਣ ਕੇ ਆਇਆ ਹੈ ਉਹ ਗੱਲ ਅਲੱਗ ਹੈ। ਕਿਉਂ

ਜੋਖ਼ਿਮਦਾਰੀ ਮੁੱਲ ਲੈਂਦਾ ਹੈਂ? ਜੋ ਕ੍ਰਿਸ਼ਨ ਭਗਵਾਨ ਅਗਲੀ ਚੌਬੀਸੀ ਵਿੱਚ ਤੀਰਥੰਕਰ ਹੋਣ ਵਾਲੇ ਹਨ, ਜੋ ਰਾਵਣ ਅਗਲੀ ਚੌਬੀਸੀ ਵਿੱਚ ਤੀਰਥੰਕਰ ਹੋਣ ਵਾਲੇ ਹਨ, ਉਹਨਾਂ ਦੀ ਗੱਲ ਕਰਕੇ ਜੋਖ਼ਿਮਦਾਰੀ ਕਿਉਂ ਮੁੱਲ ਲੈਂਦੇ ਹੋ?

## ਤਰੇਂਹਠ ਸ਼ਲਾਕਾ ਪੁਰਖ

ਸ਼ਲਾਕਾ ਪੁਰਖ ਯਾਨੀ ਮੋਕਸ਼ ਵਿੱਚ ਜਾਣ ਯੋਗ ਸ਼ਰੇਸ਼ਠ ਪੁਰਖ। ਮੋਕਸ਼ ਵਿੱਚ ਤਾਂ ਦੂਸਰੇ ਵੀ ਜਾਣਗੇ ਪਰ ਇਹ ਸ਼ਰੇਸ਼ਠ ਪੁਰਖ ਕਹਾਉਂਦੇ ਹਨ। ਇਸ ਲਈ ਉਹ ਖਿਆਤੀ ਦੇ ਨਾਲ ਹਨ। ਸੰਪੂਰਨ ਖਿਆਤਨਾਮ ਹੋ ਕੇ ਮੋਕਸ਼ ਵਿੱਚ ਜਾਂਦੇ ਹਨ। ਹਾਂ, ਉਹਨਾਂ ਵਿੱਚ ਚੌਵੀ ਤੀਰਥੰਕਰ ਹੁੰਦੇ ਹਨ, ਬਾਰਾਂ ਚੱਕਰਵਰਤੀ ਹੁੰਦੇ ਹਨ, ਨੌ ਵਾਸੂਦੇਵ ਹੁੰਦੇ ਹਨ, ਨੌ ਪ੍ਰਤੀਵਾਸੂਦੇਵ ਹੁੰਦੇ ਹਨ ਅਤੇ ਨੌ ਬਲਦੇਵ ਹੁੰਦੇ ਹਨ। ਬਲਦੇਵ ਵਾਸੂਦੇਵ ਦੇ ਵੱਡੇ ਭਰਾ ਹੁੰਦੇ ਹਨ। ਉਹ ਹਮੇਸ਼ਾ ਇਕੱਠੇ ਹੀ ਹੁੰਦੇ ਹਨ। ਇਹ ਨੈਚੂਰਲ ਐਡਜਸਟਮੈਂਟ ਹੁੰਦੀ ਹੈ। ਉਸ ਵਿੱਚ ਫ਼ਰਕ ਨਹੀਂ ਹੁੰਦਾ। ਨੈਚੂਰਲ ਵਿੱਚ ਕੋਈ ਪਰਿਵਰਤਨ ਨਹੀਂ ਹੁੰਦਾ। ਜਿਵੇਂ ਕਿ ਪਾਣੀ ਦੇ ਲਈ 2H ਅਤੇ O ਹੀ ਚਾਹੀਦਾ ਹੈ, ਇਸਦੀ ਤਰ੍ਹਾਂ ਇਹ ਗੱਲ ਹੈ।

ਇਹ ਸਾਇੰਟਿਫ਼ਿਕ ਵਸਤੂ ਹੈ। ਵਰਨਾ ਇਹ ਤਰੇਂਹਠ ਮੇਰਾ ਸ਼ਬਦ ਨਹੀਂ ਹੈ, ਤਰੇਂਹਠ ਦੇ ਬਦਲੇ ਚੌਂਹਟ ਵੀ ਰੱਖਦਾ। ਪਰ ਇਹ ਕੁਦਰਤ ਦੀ ਰਚਨਾ ਕਿੰਨੀ ਸੋਹਣੀ ਅਤੇ ਵਿਵਸਥਿਤ ਹੈ!

## ਬੋਲਦੇ ਸਮੇਂ ਉਪਯੋਗ...

ਅਸੀਂ **ॐ** ਨਮੋ ਭਗਵਤੇ ਵਾਸੂਦੇਵਾਯ ਬੋਲੀਏ, ਉਦੋਂ ਕ੍ਰਿਸ਼ਨ ਭਗਵਾਨ ਵੀ ਦਿਖਣ ਅਤੇ ਸ਼ਬਦ ਵੀ ਬੋਲੀਏ। ਹੁਣ ਕ੍ਰਿਸ਼ਨ ਭਗਵਾਨ, ਜੋ ਬੇਸ਼ੱਕ ਹੀ ਸਾਡੇ ਦਰਸ਼ਨ ਵਿੱਚ ਆਏ ਹੋਏ ਹੋਣ, ਜੋ ਵੀ ਚਿੱਤਰ ਉਭਰਿਆ ਹੋਵੇ, ਫਿਰ ਉਹ ਮੁਰਲੀ ਵਾਲੇ ਹੋਣ ਜਾਂ ਹੋਰ ਰੂਪ ਵਿੱਚ ਹੋਣ ਪਰ ਸਾਡੇ ਇਸ ਉਚਾਰਣ ਦੇ ਨਾਲ ਹੀ ਉਹ ਤੁਰੰਤ ਦਿਖਾਈ ਦੇਣੇ ਚਾਹੀਦੇ ਹਨ, ਬੋਲਦੇ ਹੀ ਦਿਖਾਈ ਦੇਣ। ਬੋਲੀਏ ਅਤੇ ਦਿਖਾਈ ਨਾ ਦੇਣ, ਉਸਦਾ ਅਰਥ ਹੀ ਕੀ ਹੈ?

ਸਿਰਫ਼ ਨਾਮ ਬੋਲਾਂਗੇ ਤਾਂ ਸਿਰਫ਼ ਨਾਮ ਦਾ ਫ਼ਲ ਮਿਲੇਗਾ। ਪਰ ਨਾਲ-ਨਾਲ ਉਹਨਾਂ ਦੀ ਮੂਰਤੀ ਦੇਖੀਏ, ਤਾਂ ਦੋਵੇਂ ਫ਼ਲ ਮਿਲਣਗੇ। ਨਾਮ ਅਤੇ ਸਥਾਪਨਾ ਦੋ ਫ਼ਲ ਮਿਲਣ ਤਾਂ ਬਹੁਤ ਹੋ ਗਿਆ।

**ਪ੍ਰਸ਼ਨਕਰਤਾ :** 'ਨਮੋ ਅਰਿਹੰਤਾਣਮ' ਦਾ ਜਾਪ ਕਰਦੇ ਸਮੇਂ ਮਨ ਵਿੱਚ ਰੰਗ ਦਾ ਚਿੰਤਨ ਕਰਨਾ ਚਾਹੀਦਾ ਹੈ?

**ਦਾਦਾਸ਼੍ਰੀ :** 'ਨਮੋ ਅਰਿਹੰਤਾਣਮ' ਦਾ ਜਾਪ ਕਰਦੇ ਸਮੇਂ ਕਿਸੇ ਰੰਗ ਦਾ ਚਿੰਤਨ ਕਰਨ ਦੀ ਕੋਈ ਜ਼ਰੂਰਤ ਨਹੀਂ ਹੈ ਅਤੇ ਜੇ ਚਿੰਤਨ ਕਰਨਾ ਹੋਵੇ ਤਾਂ ਅੱਖਾਂ ਬੰਦ ਕਰਕੇ ਨ...ਮੋ... ਅ...ਰਿ...ਹੰ...ਤਾ...ਣ...ਇਸ ਤਰ੍ਹਾਂ ਇੱਕ-ਇੱਕ ਸ਼ਬਦ ਨਜ਼ਰ ਆਉਣਾ ਚਾਹੀਦਾ ਹੈ। ਉਸ ਨਾਲ ਬਹੁਤ ਚੰਗਾ ਫ਼ਲ ਪ੍ਰਾਪਤ ਹੋਵੇਗਾ। ਜਦੋਂ ਅੱਖਾਂ ਬੰਦ ਕਰਕੇ ਬੋਲਾਂਗੇ ਤਾਂ, ਨ...ਮੋ... ਅ...ਰਿ...ਹੰ...ਤਾ...ਣ... ਇਹ ਅੱਖਰ ਬੋਲਦੇ ਸਮੇਂ ਕੀ ਮਨ ਵਿੱਚ ਨਹੀਂ ਪੜ੍ਹੇ ਜਾ ਸਕਦੇ? ਅਭਿਆਸ ਕਰਨਾ, ਤਾਂ ਫਿਰ ਤੁਸੀਂ ਪੜ੍ਹ ਸਕੋਗੇ।

ਫਿਰ '**ੴ** ਨਮੋ ਭਗਵਤੇ ਵਾਸੂਦੇਵਾਯ' ਇਸ ਨੂੰ ਵੀ ਤੁਸੀਂ ਅੱਖਾਂ ਬੰਦ ਕਰਕੇ ਬੋਲੋਗੇ ਤਾਂ ਹਰ ਅੱਖਰ ਦਿਖਾਈ ਦੇਵੇਗਾ। ਅੱਖਰਾਂ ਦੇ ਨਾਲ ਪੜ੍ਹ ਸਕੋਗੇ। ਤੁਸੀਂ ਦੋ ਦਿਨ ਅਭਿਆਸ ਕਰਨਾ, ਤੀਸਰੇ ਦਿਨ ਬਹੁਤ ਹੀ ਸੁੰਦਰ ਦਿਖਾਈ ਦੇਵੇਗਾ।

ਮੰਤਰਾਂ ਦਾ ਇਸ ਤਰ੍ਹਾਂ ਚਿੰਤਨ ਕਰਨਾ ਹੈ। ਇਸੇ ਨੂੰ ਧਿਆਨ ਕਹਿੰਦੇ ਹਨ। ਜੇ ਇਸ ਤ੍ਰਿਮੰਤਰ ਦਾ ਇਸ ਤਰ੍ਹਾਂ ਧਿਆਨ ਕਰੀਏ ਨਾ, ਤਾਂ ਬਹੁਤ ਸੁੰਦਰ ਧਿਆਨ ਹੋ ਜਾਵੇਗਾ।

## ੴ ਨਮ: ਸ਼ਿਵਾਯ...

**ਪ੍ਰਸ਼ਨਕਰਤਾ :** '**ੴ** ਨਮ: ਸ਼ਿਵਾਯ' ਵਿਸਤਾਰ ਨਾਲ ਸਮਝਾਓ।

**ਦਾਦਾਸ਼੍ਰੀ :** ਇਸ ਦੁਨੀਆਂ ਵਿੱਚ ਜੋ ਕਲਿਆਣ ਸਵਰੂਪ ਹੋ ਚੁੱਕੇ ਹੋਣ ਅਤੇ ਜੋ ਜੀਵਿਤ ਹੋਣ, ਜਿਨ੍ਹਾਂ ਦਾ ਅਹੰਕਾਰ ਖਤਮ ਹੋ ਗਿਆ ਹੋਵੇ, ਉਹ

ਸਾਰੇ ਸ਼ਿਵ ਕਹਾਉਂਦੇ ਹਨ। ਸ਼ਿਵ ਨਾਮ ਦਾ ਕੋਈ ਮਨੁੱਖ ਨਹੀਂ ਹੈ। ਸ਼ਿਵ ਤਾਂ ਖੁਦ ਕਲਿਆਣ ਸਵਰੂਪ ਹੀ ਹੈ। ਇਸ ਲਈ ਜੋ ਖੁਦ ਕਲਿਆਣ ਸਵਰੂਪ ਹੋਏ ਹਨ ਅਤੇ ਦੂਸਰਿਆਂ ਨੂੰ ਕਲਿਆਣ ਦਾ ਰਾਹ ਦਿਖਾਉਂਦੇ ਹਨ, ਉਹਨਾਂ ਨੂੰ ਨਮਸਕਾਰ ਕਰਦਾ ਹਾਂ।

ਜੋ ਕਲਿਆਣ ਸਵਰੂਪ ਹੋ ਕੇ ਬੈਠੇ ਹਨ, ਉਹ ਬੇਸ਼ੱਕ ਹੀ ਹਿੰਦੁਸਤਾਨ ਵਿੱਚ ਹੋਣ ਜਾਂ ਕਿਤੇ ਵੀ ਹੋਣ, ਉਹਨਾਂ ਨੂੰ ਨਮਸਕਾਰ ਕਰਦਾ ਹਾਂ। ਕਲਿਆਣ ਸਵਰੂਪ ਕੌਣ ਕਹਾਉਂਦਾ ਹੈ? ਜਿਸਦੇ ਲਈ ਮੋਕਸ਼ਲੱਛਮੀ ਮਾਲਾ ਪਹਿਨਾਉਣ ਦੇ ਲਈ ਤਿਆਰ ਹੋਵੇ। ਮੋਕਸ਼ਲੱਛਮੀ ਵਿਆਹ ਦੇ ਲਈ ਤਿਆਰ ਹੋਵੇ, ਉਹ ਕਲਿਆਣ ਸਵਰੂਪ ਕਹਾਉਂਦੇ ਹਨ।

## ਸ਼ੰਕਰ ਨੀਲਕੰਠ ਕਿਉਂ?

ਅਸੀ ਉੱਥੇ ਮਹਾਂਦੇਵਜੀ ਦੇ ਮੰਦਰ ਵਿੱਚ ਜਾ ਕੇ ਬੋਲਦੇ ਹਾਂ ਨਾ,

'ਤ੍ਰਿਸ਼ੂਲ ਹੁੰਦੇ ਹੋਏ ਵੀ ਜਗਤ ਜ਼ਹਿਰ ਪੀਣਵਾਲਾ,

ਸ਼ੰਕਰ ਵੀ ਮੈਂ ਹੀ ਅਤੇ ਨੀਲਕੰਠ ਮੈਂ ਹੀ ਹਾਂ।'

ਮੈਂ ਹੀ ਸ਼ੰਕਰ ਅਤੇ ਮੈਂ ਹੀ ਨੀਲਕੰਠ, ਕਿਸ ਲਈ ਕਿਹਾ? ਕਿ ਇਸ ਸੰਸਾਰ ਵਿੱਚ ਜਿਸ-ਜਿਸਨੇ ਜ਼ਹਿਰ ਪਿਲਾਇਆ ਉਹ ਸਾਰੇ ਦਾ ਸਾਰਾ ਪੀ ਗਏ ਅਤੇ ਜੇ ਤੁਸੀਂ ਪੀ ਜਾਵੋਗੇ ਤਾਂ ਤੁਸੀਂ ਵੀ ਸ਼ੰਕਰ ਹੋ ਜਾਵੋਗੇ। ਕੋਈ ਗਾਲ਼ ਕੱਢੇ, ਕੋਈ ਅਪਮਾਨ ਕਰੇ ਤਾਂ ਵੀ ਆਸ਼ੀਰਵਾਦ ਦੇ ਕੇ, ਸਮਭਾਵ ਨਾਲ ਸਾਰੇ ਦਾ ਸਾਰਾ ਜ਼ਹਿਰ ਪੀ ਜਾਵੋਗੇ ਤਾਂ ਤੁਸੀਂ ਸ਼ੰਕਰ ਬਣ ਜਾਵੋਗੇ। ਵੈਸੇ ਸਮਭਾਵ ਰਹਿ ਨਹੀਂ ਸਕਦਾ ਪਰ ਜਦੋਂ ਆਸ਼ੀਰਵਾਦ ਦਿੰਦੇ ਹਾਂ, ਉਦੋਂ ਸਮਭਾਵ ਆ ਜਾਂਦਾ ਹੈ। ਜੇ ਇਕੱਲਾ ਸਮਭਾਵ ਰੱਖਣ ਜਾਈਏ ਤਾਂ ਵਿਸ਼ਮਭਾਵ ਹੋ ਜਾਵੇਗਾ।

ਮਹਾਂਦੇਵਜੀ ਜ਼ਹਿਰ (ਸੰਸਾਰਿਕ ਦੁੱਖ) ਦੇ ਸਾਰੇ ਗਿਲਾਸ ਪੀ ਗਏ ਸਨ। ਜਿਸਨੇ ਗਿਲਾਸ ਦਿੱਤਾ, ਉਸਦਾ ਪਿਆਲਾ ਲੈ ਕੇ ਪੀ ਗਏ। ਤਾਂ ਅਸੀਂ ਵੀ ਉਸੇ ਤਰ੍ਹਾਂ ਪਿਆਲੇ ਪੀ ਕੇ ਮਹਾਂਦੇਵਜੀ ਬਣੇ ਹਾਂ। ਤੁਹਾਨੂੰ ਵੀ ਮਹਾਂਦੇਵਜੀ

ਹੋਣਾ ਹੋਵੇ ਤਾਂ ਏਦਾਂ ਕਰਨਾ। ਹਾਲੇ ਵੀ ਸਮਾਂ ਹੈ। ਪੰਜ-ਦਸ ਸਾਲ ਪੀ ਸਕੋ ਤਾਂ ਵੀ ਬਹੁਤ ਹੋ ਗਿਆ। ਤਾਂ ਤੁਸੀਂ ਵੀ ਮਹਾਂਦੇਵਜੀ ਬਣ ਜਾਵੋਗੇ। ਪਰ ਤੁਸੀਂ ਤਾਂ, ਉਹ ਗਿਲਾਸ ਪਿਲਾਏ ਉਸ ਤੋਂ ਪਹਿਲਾਂ ਉਸੇ ਨੂੰ ਪਿਲਾ ਦਿੰਦੇ ਹੋ! 'ਲੈ, ਮੈਂ ਮਹਾਂਦੇਵਜੀ ਨਹੀਂ ਬਣਨਾ, ਤੂੰ ਮਹਾਂਦੇਵਜੀ ਬਣ', ਏਦਾਂ ਕਹਿੰਦੇ ਹਨ।

## ਸ਼ਿਵੋਹਮ ਕਦੋਂ ਬੋਲ ਸਕਦੇ ਹਾਂ?

**ਪ੍ਰਸ਼ਨਕਰਤਾ :** ਕੁੱਝ ਲੋਕ 'ਸ਼ਿਵੋਹਮ, ਸ਼ਿਵੋਹਮ' ਏਦਾਂ ਬੋਲਦੇ ਹਨ, ਉਹ ਕੀ ਹੈ?

**ਦਾਦਾਸ਼੍ਰੀ :** ਏਦਾਂ ਹੈ ਨਾ, ਕਿ ਇਸ ਸਮੇਂ ਨਹੀਂ ਪਰ ਪਹਿਲਾਂ ਜੋ ਸ਼ਿਵ ਸਵਰੂਪ ਹੋਏ ਹੋਣ, ਪਿਛਲੇ ਜਨਮਾਂ ਵਿੱਚ ਸ਼ਿਵ ਸਵਰੂਪ ਹੋਏ ਹੋਣ, ਉਹ 'ਸ਼ਿਵੋਹਮ' ਬੋਲ ਸਕਦੇ ਹਨ। ਉਹਨਾਂ ਦੀ ਨਕਲ ਉਹਨਾਂ ਤੋਂ ਬਾਅਦ ਉਹਨਾਂ ਦੇ ਸ਼ਿਸ਼ਯਾਂ ਨੇ, ਇਹਨਾਂ ਲੋਕਾਂ ਨੇ ਕੀਤੀ ਅਤੇ ਉਹਨਾਂ ਦੀ ਨਕਲ ਇਹਨਾਂ ਸ਼ਿਸ਼ਯਾਂ ਦੇ ਸ਼ਿਸ਼ਯਾਂ ਨੇ ਅਤੇ ਉਹਨਾਂ ਦੇ ਸ਼ਿਸ਼ਯਾਂ ਨੇ ਕੀਤੀ। ਇਸ ਤਰ੍ਹਾਂ ਸਭ ਨਕਲ ਕਰਦੇ ਹਨ। ਇਸ ਤਰ੍ਹਾਂ ਕਰਨ ਨਾਲ ਥੋੜੇ ਹੀ ਸ਼ਿਵ ਬਣ ਜਾਣਗੇ? ਘਰ ਵਿੱਚ ਹਰ ਰੋਜ਼ ਪਤਨੀ ਦੇ ਨਾਲ ਝਗੜੇ ਹੁੰਦੇ ਹਨ ਅਤੇ ਉੱਥੇ 'ਸ਼ਿਵੋਹਮ ਸ਼ਿਵੋਹਮ' ਕਰਦੇ ਹਨ। ਓਏ, ਸ਼ਿਵ ਨੂੰ ਕਿਉਂ ਬਦਨਾਮ ਕਰਦਾ ਹੈਂ? ਪਤਨੀ ਦੇ ਨਾਲ ਝਗੜਾ ਕਰੇ ਅਤੇ 'ਸ਼ਿਵੋਹਮ' ਬੋਲੇ ਤਾਂ ਸ਼ਿਵ ਦੀ ਬਦਨਾਮੀ ਹੋਵੇਗੀ ਜਾਂ ਨਹੀਂ ਹੋਵੇਗੀ?

**ਪ੍ਰਸ਼ਨਕਰਤਾ :** ਜਿੰਨਾ ਸਮਾਂ 'ਸ਼ਿਵੋਹਮ' ਬੋਲੇ ਉਨੇ ਸਮੇਂ ਤਾਂ ਪਤਨੀ ਨਾਲ ਨਹੀਂ ਲੜਦਾ ਨਾ?

**ਦਾਦਾਸ਼੍ਰੀ :** ਨਹੀਂ, 'ਸ਼ਿਵੋਹਮ' ਬੋਲ ਹੀ ਨਹੀਂ ਸਕਦੇ। ਫਿਰ ਤਾਂ ਉਸਨੂੰ ਅੱਗੇ ਜਾਣ ਦੇ ਲਈ ਮਾਰਗ ਦਰਸ਼ਨ ਦੀ ਜ਼ਰੂਰਤ ਹੀ ਨਹੀਂ ਰਹੀ। ਕਿਉਂਕਿ ਆਖ਼ਰੀ ਸਟੇਸ਼ਨ ਦੀ ਗੱਲ ਚੱਲੀ, ਇਸ ਲਈ ਹੋਰ ਸਟੇਸ਼ਨਾਂ ਤੇ ਜਾਣ ਦੀ ਜ਼ਰੂਰਤ ਹੀ ਨਹੀਂ ਰਹੀ ਨਾ! ਇਸ ਲਈ ਇਸ ਤਰ੍ਹਾਂ ਨਹੀਂ ਬੋਲ ਸਕਦੇ। ਜਦੋਂ ਤੱਕ ਖੁਦ ਦੇ ਕੋਲ ਆਖ਼ਰੀ ਸਟੇਸ਼ਨ ਦਾ ਲਾਇਸੰਸ ਨਹੀਂ ਆ ਜਾਂਦਾ,

ਉਦੋਂ ਤੱਕ 'ਸ਼ਿਵੋਹਮ' ਨਹੀਂ ਬੋਲ ਸਕਦੇ। 'ਮੈਂ ਸ਼ੁੱਧਾਤਮਾ ਹਾਂ' ਏਦਾਂ ਵੀ ਨਹੀਂ ਬੋਲ ਸਕਦੇ। ਉਸਦਾ ਭਾਨ ਹੋਣਾ ਚਾਹੀਦਾ ਹੈ। ਜੋ ਕੁੱਝ ਬੋਲਦੇ ਹੋ, ਉਸਦਾ ਭਾਨ ਹੋਣਾ ਚਾਹੀਦਾ ਹੈ। ਅਭਾਨ ਅਵਸਥਾ (ਬੇਹੋਸ਼ੀ) ਵਿੱਚ ਤਾਂ ਕਈ ਲੋਕ ਏਦਾਂ ਬੋਲਦੇ ਹਨ ਕਿ, 'ਅਹਮ ਬ੍ਰਹਮਾਸਮਿ'। ਓਏ, ਕਾਹੇ ਦਾ? ਬ੍ਰਹਮਾ ਕੀ ਅਤੇ ਬ੍ਰਹਮਾਸਮਿ ਕੀ? ਤੂੰ ਕੀ ਸਮਝਿਆ ਹੈਂ, ਜੋ ਬਾਰ-ਬਾਰ ਬੋਲਦਾ ਰਹਿੰਦਾ ਹੈਂ? ਉਹਨਾਂ ਲੋਕਾਂ ਨੇ ਏਦਾਂ ਹੀ ਸਿਖਾਇਆ ਸੀ, ਅਹਮ ਬ੍ਰਹਮਾਸਮਿ। ਪਰ ਉਸਦਾ ਅਨੁਭਵ ਹੋਣਾ ਚਾਹੀਦਾ ਹੈ। ਤੁਸੀਂ ਸ਼ੁੱਧਾਤਮਾ ਹੋ ਪਰ ਖੁਦ ਨੂੰ ਸ਼ੁੱਧਾਤਮਾ ਦਾ ਅਨੁਭਵ ਹੋਣਾ ਚਾਹੀਦਾ ਹੈ। ਐਵੇਂ ਹੀ ਨਹੀਂ ਬੋਲ ਸਕਦੇ। ਕੀ ਸ਼ਿਵੋਹਮ ਬੋਲ ਸਕਦੇ ਹਾਂ? ਤੁਹਾਨੂੰ ਕੀ ਲੱਗਦਾ ਹੈ? ਅਨੁਭਵ ਹੋਏ ਬਿਨਾਂ ਨਹੀਂ ਬੋਲ ਸਕਦੇ। ਉਹ ਤਾਂ ਅਸੀਂ ਸਮਝਣਾ ਹੈ ਕਿ ਆਖ਼ਿਰ ਵਿੱਚ ਸਾਡਾ ਸਵਰੂਪ ਸ਼ਿਵ ਦਾ ਹੈ। ਪਰ ਏਦਾਂ ਬੋਲ ਨਹੀਂ ਸਕਦੇ। ਵਰਨਾ ਬੋਲਣ ਨਾਲ ਵਿਚਕਾਰ ਦੇ ਦੂਸਰੇ ਸਾਰੇ ਸਟੇਸ਼ਨ ਰਹਿ ਜਾਣਗੇ।

**ਪ੍ਰਸ਼ਨਕਰਤਾ :** 'ਸ਼ਿਵੋਹਮ' ਬੋਲਦਾ ਹੈ ਪਰ ਉਹ ਅਗਿਆਨਤਾ ਵਿੱਚ ਹੀ ਬੋਲਦਾ ਹੈ ਨਾ? ਸਮਝਦਾ ਨਹੀਂ ਹੈ ਫਿਰ ਵੀ ਬੋਲਦਾ ਹੈ।

**ਦਾਦਾਸ਼੍ਰੀ :** ਹਾਂ, ਅਗਿਆਨਤਾ ਨਾਲ ਬੋਲਦਾ ਹੈ। ਪਰ ਮਨ ਵਿੱਚ ਤਾਂ ਉਸਨੂੰ ਏਦਾਂ ਹੀ ਰਹਿੰਦਾ ਹੈ ਨਾ ਕਿ 'ਸਾਡਾ ਸ਼ਿਵੋਹਮ' ਯਾਨੀ 'ਮੈਂ ਹੀ ਸ਼ਿਵ ਹਾਂ'। ਇਸ ਲਈ ਹੁਣ ਕੋਈ ਪ੍ਰਗਤੀ ਕਰਨੀ ਬਾਕੀ ਨਹੀਂ ਰਹੀ। ਏਦਾਂ ਅੰਦਰ ਸਮਝਦਾ ਹੈ ਅਤੇ ਜੋ ਲੋਕ 'ਸੋਹਮ ਸੋਹਮ' ਬੋਲਦੇ ਹਨ ਉਸ ਤਰ੍ਹਾਂ ਬੋਲ ਸਕਦੇ ਹਾਂ। ਸੋਹਮ ਦਾ ਪੰਜਾਬੀ ਅਰਥ ਕੀ ਹੋਵੇਗਾ?

**ਪ੍ਰਸ਼ਨਕਰਤਾ :** 'ਉਹ ਮੈਂ ਹਾਂ।'

**ਦਾਦਾਸ਼੍ਰੀ :** 'ਉਹ ਮੈਂ ਹਾਂ' ਬੋਲ ਸਕਦੇ ਹਾਂ ਪਰ ਸ਼ਿਵੋਹਮ ਨਹੀਂ ਬੋਲ ਸਕਦੇ। 'ਉਹ ਮੈਂ ਹਾਂ' ਅਰਥਾਤ ਜੋ ਆਤਮਾ ਹੈ ਜਾਂ ਭਗਵਾਨ ਹੈ, ਉਹੀ ਮੈਂ ਹਾਂ। ਏਦਾਂ ਬੋਲ ਸਕਦੇ ਹਾਂ। 'ਤੂੰ ਹੀ, ਤੂੰ ਹੀ' ਬੋਲ ਸਕਦੇ ਹਾਂ ਪਰ 'ਮੈਂ ਹੀ, ਮੈਂ ਹੀ' ਨਹੀਂ ਬੋਲ ਸਕਦੇ। 'ਤੂੰ ਹੀ, ਤੂੰ ਹੀ' ਬੋਲ ਸਕਦੇ ਹਾਂ, ਕਿਉਂਕਿ ਉਦੋਂ ਅਗਿਆਨਤਾ ਵਿੱਚ ਵੀ 'ਮੈਂ' ਅਤੇ 'ਤੂੰ' ਦੋ ਅਲੱਗ ਹੀ ਹਨ ਪਹਿਲਾਂ ਤੋਂ ਅਤੇ ਇਸ ਤਰ੍ਹਾਂ ਬੋਲਦੇ ਹਨ ਇਸ ਵਿੱਚ ਗਲਤ ਵੀ ਕੀ ਹੈ? ਉਹ ਦੋਵੇਂ ਅਲੱਗ ਹੀ ਹਨ।

**ਪ੍ਰਸ਼ਨਕਰਤਾ :** ਸ਼ਿਵੋਹਮ ਯਾਨੀ ਕੀ?

**ਦਾਦਾਸ਼੍ਰੀ :** ਜਿਸ ਨੂੰ 'ਮੈਂ ਸ਼ਿਵ ਬਣਨਾ ਹੈ, ਉਸ ਟੀਚੇ ਤੇ ਪਹੁੰਚਣਾ ਹੈ' ਏਦਾਂ ਰਹੇ ਉਹ ਕਹਿੰਦਾ ਹੈ ਕਿ ਮੈਂ ਸ਼ਿਵੋਹਮ ਹਾਂ! ਸ਼ਿਵ ਯਾਨੀ ਖੁਦ ਹੀ ਕਲਿਆਣ ਸਵਰੂਪ ਹੋ ਗਿਆ, ਉਹ ਖੁਦ ਹੀ ਮਹਾਂਦੇਵਜੀ ਹੋ ਗਿਆ!

## ਅੰਤਰ ਹੈ ਸ਼ਿਵ ਅਤੇ ਸ਼ੰਕਰ ਵਿੱਚ

**ਪ੍ਰਸ਼ਨਕਰਤਾ :** ਸ਼ਿਵ ਅਤੇ ਸ਼ੰਕਰ ਵਿੱਚ ਕੀ ਅੰਤਰ ਹੈ? ਸ਼ਿਵ ਨੂੰ ਕਲਿਆਣ ਪੁਰਖ ਕਿਹਾ, ਤਾਂ ਕੀ ਸ਼ੰਕਰ ਦੇਵਲੋਕ ਵਿੱਚ ਹੈ?

**ਦਾਦਾਸ਼੍ਰੀ :** ਸ਼ੰਕਰ ਤਾਂ ਇੱਕ ਹੀ ਨਹੀਂ, ਕਈ ਸ਼ੰਕਰ ਹਨ। ਜਦੋਂ ਤੋਂ ਸਮਤਾ ਵਿੱਚ ਆਏ ਨਾ, ਉਦੋਂ ਤੋਂ 'ਸਮ ਕਰ' ਯਾਨੀ ਸ਼ੰਕਰ ਕਹਾਏ। ਅਰਥਾਤ ਕਈ ਸ਼ੰਕਰ ਹਨ ਪਰ ਉਹ ਸਾਰੇ ਉੱਚੀ ਗਤੀ ਵਿੱਚ ਹਨ। ਜੋ 'ਸਮ' ਕਰਦਾ ਹੈ, ਉਹ ਸ਼ੰਕਰ।

'**ੴ** ਨਮ: ਸ਼ਿਵਾਯ' ਬੋਲਦੇ ਹੀ ਇੱਕ ਪਾਸੇ ਸ਼ਿਵ ਸਵਰੂਪ ਨਜ਼ਰ ਆਵੇ ਅਤੇ ਦੂਸਰੇ ਪਾਸੇ ਅਸੀਂ ਬੋਲਦੇ ਜਾਈਏ।

## ਇਹ ਹੈ ਪਰੋਕਸ਼ ਭਗਤੀ

ਤੁਸੀਂ ਮਹਾਂਦੇਵਜੀ ਨੂੰ ਭਜਦੇ ਹੋ। ਪਰ ਮਹਾਂਦੇਵਜੀ ਤੁਹਾਡੇ ਅੰਦਰ ਬੈਠੇ ਸ਼ੁੱਧਾਤਮਾਂ ਨੂੰ ਚਿੱਠੀ ਲਿਖਦੇ ਹਨ, ਕਿ ਲਓ, ਇਹ ਤੁਹਾਡਾ ਮਾਲ ਆਇਆ ਹੈ, ਇਹ ਮੇਰਾ ਨਹੀਂ ਹੈ।

ਇਹ ਪਰੋਕਸ਼ ਭਗਤੀ ਕਹਾਉਂਦੀ ਹੈ। ਇਸੇ ਤਰ੍ਹਾਂ ਕ੍ਰਿਸ਼ਨ ਨੂੰ ਭਜੇ ਜਾਂ ਚਾਹੇ ਕਿਸੇ ਹੋਰ ਨੂੰ ਭਜੇ, ਉਹ ਪਰੋਕਸ਼ ਭਗਤੀ ਹੁੰਦੀ ਹੈ। ਸੋ: ਇਹ ਮੂਰਤੀਆਂ ਨਾ ਹੁੰਦੀਆਂ ਤਾਂ ਕੀ ਹੁੰਦਾ? ਉਸ ਸੱਚੇ ਭਗਵਾਨ ਨੂੰ ਭੁੱਲ ਜਾਂਦੇ ਅਤੇ ਮੂਰਤੀ ਨੂੰ ਵੀ ਭੁੱਲ ਜਾਂਦੇ, ਇਸ ਲਈ ਉਹਨਾਂ ਲੋਕਾਂ ਨੇ ਜਗ੍ਹਾ-ਜਗ੍ਹਾ ਤੇ ਮੂਰਤੀਆਂ ਰੱਖਵਾਈਆਂ। ਮਹਾਂਦੇਵਜੀ ਦਾ ਮੰਦਰ ਆਵੇ ਕਿ ਦਰਸ਼ਨ ਕਰਦਾ ਹੈ। ਦੇਖੇਗਾ ਤਾਂ ਦਰਸ਼ਨ ਹੋਣਗੇ ਨਾ! ਦੇਖੇਗਾ ਤਾਂ ਯਾਦ ਆਵੇਗਾ ਕਿ ਨਹੀਂ

ਆਵੇਗਾ? ਅਤੇ ਯਾਦ ਆਵੇ ਤਾਂ ਦਰਸ਼ਨ ਕਰਦਾ ਹੈ। ਇਸ ਲਈ ਇਹ ਮੂਰਤੀਆਂ ਰੱਖੀਆਂ ਹਨ। ਪਰ ਕੁੱਲ ਮਿਲਾ ਕੇ ਇਹ ਸਭ ਅਖੀਰ ਵਿੱਚ ਤਾਂ ਅੰਦਰ ਵਾਲੇ ਨੂੰ ਪਹਿਚਾਨਣ ਦੇ ਲਈ ਹੈ।

## ਸੱਚਿਦਾਨੰਦ ਵਿੱਚ ਸਮਾਏ ਸਾਰੇ ਮੰਤਰ

ਇਹ ਤ੍ਰਿਮੰਤਰ ਹੈ ਉਸ ਵਿੱਚ ਪਹਿਲਾਂ ਜੈਨਾਂ ਦਾ ਮੰਤਰ ਹੈ, ਬਾਅਦ ਵਿੱਚ ਵਾਸੂਦੇਵ ਦਾ ਅਤੇ ਸ਼ਿਵ ਦਾ ਮੰਤਰ ਹੈ ਅਤੇ ਸੱਚਿਦਾਨੰਦ ਵਿੱਚ ਤਾਂ ਹਿੰਦੂ, ਮੁਸਲਿਮ, ਵਿਦੇਸ਼ੀ ਇਹਨਾਂ ਸਭ ਲੋਕਾਂ ਦੇ ਮੰਤਰ ਆ ਗਏ।

ਇਹਨਾਂ ਸਭ ਮੰਤਰਾਂ ਨੂੰ ਇਕੱਠੇ ਬੋਲੇ, ਇਹ ਮੰਤਰ ਨਿਰਪੱਖਪਾਤ ਰੂਪ ਨਾਲ ਬੋਲੇ ਤਾਂ ਭਗਵਾਨ ਸਾਡੇ ਤੇ ਖੁਸ਼ ਹੁੰਦੇ ਹਨ। ਇੱਕ ਵਿਅਕਤੀ ਦਾ ਪੱਖ ਲਵੇ ਕਿ , '**ॐ** ਨਮ: ਸ਼ਿਵਾਯ, **ॐ** ਨਮ: ਸ਼ਿਵਾਯ' ਸਿਰਫ਼ ਇਹੀ ਬੋਲਿਆ ਕਰੇ ਤਾਂ ਵੀ ਉਹ ਖੁਸ਼ ਨਹੀਂ ਹੋਣਗੇ। ਇਸ ਨਾਲ ਤਾਂ ਸਾਰੇ ਦੇਵ ਖੁਸ਼ ਹੋ ਜਾਂਦੇ ਹਨ।

ਜੋ ਮਤ ਵਿੱਚ ਪਏ ਹੋਏ ਹੋਣ ਇਹ ਉਹਨਾਂ ਦਾ ਕੰਮ ਨਹੀਂ ਹੈ। ਮਤ ਵਿੱਚੋਂ ਬਾਹਰ ਨਿਕਲਾਂਗੇ, ਤਾਂ ਕੰਮ ਦਾ ਹੈ।

ਕਿਸ-ਕਿਸ ਤਰ੍ਹਾਂ ਦੇ ਲੋਕ ਹਿੰਦੁਸਤਾਨ ਵਿੱਚ ਹਨ, ਹੁਣ ਵੀ! ਪੂਰਾ ਹਿੰਦੁਸਤਾਨ ਖਤਮ ਨਹੀਂ ਹੋ ਗਿਆ। ਇਹ ਹਿੰਦੁਸਤਾਨ ਪੂਰਾ ਖਤਮ ਨਹੀਂ ਹੋ ਸਕਦਾ। ਇਹ ਤਾਂ ਮੂਲਤ: ਆਰਿਆਂ ਦੀ ਧਰਤੀ ਹੈ ਅਤੇ ਜਿਸ ਧਰਤੀ ਤੇ ਤੀਰਥੰਕਰਾਂ ਦਾ ਜਨਮ ਹੋਇਆ! ਸਿਰਫ਼ ਤੀਰਥੰਕਰ ਹੀ ਨਹੀਂ, ਤਰੇਂਹਠ ਸ਼ਲਾਕਾ ਪੁਰਖ ਜਿਸ ਦੇਸ਼ ਵਿੱਚ ਜਨਮ ਲੈਂਦੇ ਹਨ, ਉਹ ਦੇਸ਼ ਹੈ ਇਹ!

## ਬੋਲੋ ਪਹਾੜੀ ਆਵਾਜ਼ ਵਿੱਚ

ਇਹ ਅੰਦਰ ਮਨ ਵਿੱਚ 'ਨਮੋ ਅਰਿਹੰਤਾਣ' ਅਤੇ ਸਭ ਕੁੱਝ ਬੋਲੇ ਪਰ ਅੰਦਰ ਮਨ ਵਿੱਚ ਕੁੱਝ ਹੋਰ ਚੱਲ ਰਿਹਾ ਹੋਵੇ, ਉਲਟਾ-ਪੁਲਟਾ। ਤਾਂ ਉਸ ਨਾਲ ਕੋਈ ਪਰਿਣਾਮ ਨਹੀਂ ਮਿਲਦਾ। ਇਸ ਲਈ ਕਿਹਾ ਸੀ ਨਾ ਕਿ ਏਕਾਂਤ

ਵਿੱਚ ਜਾ ਕੇ, ਉੱਚੀ ਪਹਾੜੀ ਆਵਾਜ਼ ਵਿੱਚ ਬੋਲੋ। ਮੈਂ ਤਾਂ ਉੱਚੀ ਆਵਾਜ਼ ਵਿੱਚ ਨਾ ਬੋਲਾਂ ਤਾਂ ਚੱਲੇਗਾ ਪਰ ਤੁਹਾਨੂੰ ਉੱਚੀ ਆਵਾਜ਼ ਵਿੱਚ ਬੋਲਣਾ ਚਾਹੀਦਾ ਹੈ। ਸਾਡਾ ਤਾਂ ਮਨ ਹੀ ਅਲੱਗ ਤਰ੍ਹਾਂ ਦਾ ਹੈ ਨਾ!

ਜਦੋਂ ਇਹੋ ਜਿਹੀ ਏਕਾਂਤ ਜਗ੍ਹਾ ਤੇ ਜਾਓ ਤਾਂ ਉੱਥੇ ਇਹ ਤ੍ਰਿਮੰਤਰ ਬੋਲਣਾ ਉੱਚੀ- ਉੱਚੀ। ਉੱਥੇ ਨਦੀ-ਨਾਲੇ ਤੇ ਘੁੰਮਣ ਜਾਓ ਤਾਂ ਉੱਥੇ ਜ਼ੋਰ ਨਾਲ ਬੋਲਣਾ, ਦਿਮਾਗ ਵਿੱਚ ਧਮ-ਧਮ ਹੋਵੇ ਇਸ ਤਰ੍ਹਾਂ।

**ਪ੍ਰਸ਼ਨਕਰਤਾ :** ਜ਼ੋਰ ਨਾਲ ਬੋਲਣ ਤੇ ਜੋ ਵਿਸਫ਼ੋਟ ਹੁੰਦਾ ਹੈ ਉਸਦਾ ਅਸਰ ਸਭ ਜਗ੍ਹਾ ਪਹੁੰਚਦਾ ਹੈ। ਇਸ ਲਈ ਇਹ ਖਿਆਲ ਵਿੱਚ ਆਉਂਦਾ ਹੈ ਕਿ ਜ਼ੋਰ ਨਾਲ ਬੋਲਣ ਦਾ ਮਕਸਦ ਕੀ ਹੈ!

**ਦਾਦਾਸ਼੍ਰੀ :** ਉੱਚੀ ਆਵਾਜ਼ ਵਿੱਚ ਬੋਲਣ ਨਾਲ ਬਹੁਤ ਫ਼ਾਇਦਾ ਹੀ ਹੈ। ਕਿਉਂਕਿ ਜਦੋਂ ਤੱਕ ਉੱਚੀ ਆਵਾਜ਼ ਵਿੱਚ ਨਹੀਂ ਬੋਲਦੇ, ਉਦੋਂ ਤੱਕ ਮਨੁੱਖ ਦੀ ਸਾਰੀ ਅੰਦਰਲੀ ਮਸ਼ੀਨਰੀ (ਅੰਤ:ਕਰਣ) ਬੰਦ ਨਹੀਂ ਹੁੰਦੀ। ਇਹ ਗੱਲ ਹਰ ਮਨੁੱਖ ਦੇ ਲਈ ਹੈ। ਸਾਡੀ ਤਾਂ ਅੰਦਰਲੀ ਮਸ਼ੀਨਰੀ ਬੰਦ ਰਹਿੰਦੀ ਹੈ। ਪਰ ਇਹ ਦੂਸਰੇ ਲੋਕ ਉੱਚੀ ਆਵਾਜ਼ ਵਿੱਚ ਨਾ ਬੋਲਣ ਨਾ, ਤਾਂ ਉਹਨਾਂ ਦੀ ਅੰਦਰਲੀ ਮਸ਼ੀਨਰੀ ਬੰਦ ਨਹੀਂ ਹੋਵੇਗੀ। ਉਦੋਂ ਤੱਕ ਇੱਕਤਵ ਪ੍ਰਾਪਤ ਨਹੀਂ ਹੁੰਦਾ। ਇਸ ਲਈ ਅਸੀਂ ਕਹਿੰਦੇ ਹਾਂ ਕਿ ਉਂਚੀ ਆਵਾਜ਼ ਵਿੱਚ ਬੋਲਣਾ। ਕਿਉਂਕਿ ਉਂਚੀ ਆਵਾਜ਼ ਵਿੱਚ ਬੋਲੀਏ ਤਾਂ ਫਿਰ ਮਨ ਬੰਦ ਹੋ ਗਿਆ, ਬੁੱਧੀ ਖਤਮ ਹੋ ਗਈ ਅਤੇ ਜੇ ਹੌਲੀ-ਹੌਲੀ ਬੋਲਾਂਗੇ ਨਾ, ਤਾਂ ਮਨ ਅੰਦਰ ਚੂੰ-ਚੂੰ ਕਰਦਾ ਰਹਿੰਦਾ ਹੈ, ਏਦਾਂ ਹੁੰਦਾ ਹੈ ਜਾਂ ਨਹੀਂ ਹੁੰਦਾ?

**ਪ੍ਰਸ਼ਨਕਰਤਾ :** ਹੁੰਦਾ ਹੈ।

**ਦਾਦਾਸ਼੍ਰੀ :** ਬੁੱਧੀ ਵੀ ਅੰਦਰ ਇਸ ਤਰ੍ਹਾਂ ਦਖ਼ਲ ਕਰਦੀ ਰਹਿੰਦੀ ਹੈ, ਇਸ ਲਈ ਅਸੀਂ ਕਹਿੰਦੇ ਹਾਂ ਕਿ ਉਂਚੀ ਆਵਾਜ਼ ਵਿੱਚ ਬੋਲਣਾ ਚਾਹੀਦਾ ਹੈ ਅਤੇ ਏਕਾਂਤ ਵਿੱਚ ਜਾਓ ਤਾਂ ਇੰਨੀ ਉਂਚੀ ਆਵਾਜ਼ ਵਿੱਚ ਬੋਲਣਾ ਕਿ ਜਿਵੇਂ ਆਸਮਾਨ ਉਡਾ ਦੇਣਾ ਹੋਵੇ, ਏਦਾਂ ਬੋਲਣਾਂ। ਕਿਉਂਕਿ ਉਂਚੀ ਆਵਾਜ਼ ਵਿੱਚ ਬੋਲਣ ਨਾਲ ਅੰਦਰ ਸਾਰਾ (ਅੰਤ:ਕਰਣ) ਬੰਦ ਹੋ ਜਾਂਦਾ ਹੈ।

## ਮੰਤਰ ਨਾਲ ਨਹੀਂ ਹੁੰਦਾ ਆਤਮ ਗਿਆਨ

**ਪ੍ਰਸ਼ਨਕਰਤਾ :** ਗੁਰੂ ਦੇ ਦਿੱਤੇ ਮੰਤਰ-ਜਾਪ ਕਰਨ ਨਾਲ ਕੀ ਆਤਮ ਗਿਆਨ ਜਲਦੀ ਹੁੰਦਾ ਹੈ?

**ਦਾਦਾਸ਼੍ਰੀ :** ਨਹੀਂ। ਪਰ ਸੰਸਾਰ ਵਿੱਚ ਅੜਚਨਾਂ ਘੱਟ ਜਾਣਗੀਆਂ ਪਰ ਇਹ ਤਿੰਨ ਮੰਤਰ (ਤ੍ਰਿਮੰਤਰ) ਇਕੱਠਾ ਬੋਲੋਗੇ ਤਾਂ।

**ਪ੍ਰਸ਼ਨਕਰਤਾ :** ਤਾਂ ਇਹ ਮੰਤਰ ਅਗਿਆਨਤਾ ਦੂਰ ਕਰਨ ਦੇ ਲਈ ਹੀ ਹਨ ਨਾ?

ਦਾਦਾਸ਼੍ਰੀ : ਨਹੀਂ, ਤ੍ਰਿਮੰਤਰ ਤਾਂ ਤੁਹਾਡੀਆਂ ਸੰਸਾਰ ਦੀਆਂ ਅੜਚਨਾਂ ਦੂਰ ਕਰਨ ਦੇ ਲਈ ਹੈ। ਅਗਿਆਨਤਾ ਦੂਰ ਕਰਨ ਦੇ ਲਈ ਤਾਂ ਮੈਂ ਜੋ ਆਤਮ ਗਿਆਨ ਤੁਹਾਨੂੰ ਦਿੱਤਾ ਹੈ (ਗਿਆਨ ਵਿਧੀ ਦੁਆਰਾ), ਉਹ ਹੈ।

## ਤ੍ਰਿਮੰਤਰ ਨਾਲ, ਸੂਲ਼ੀ ਦਾ ਜ਼ਖਮ ਸੂਈ ਵਰਗਾ ਲੱਗੇ

ਗਿਆਨੀ ਪੁਰਖ ਬਿਨਾਂ ਗੱਲ ਦੀ ਮਿਹਨਤ ਵਿੱਚ ਨਹੀਂ ਉਤਾਰਦੇ। ਘੱਟ ਤੋਂ ਘੱਟ ਮਿਹਨਤ ਕਰਵਾਉਂਦੇ ਹਨ। ਇਸ ਲਈ ਤੁਹਾਨੂੰ ਇਹ ਤ੍ਰਿਮੰਤਰ ਸਵੇਰੇ-ਸ਼ਾਮ ਪੰਜ-ਪੰਜ ਵਾਰੀ ਬੋਲਣ ਨੂੰ ਕਿਹਾ ਹੈ।

ਇਹ ਮੰਤਰ ਕਿਉਂ ਬੋਲਣ ਲਾਇਕ ਹਨ, ਕਿਉਂਕਿ ਇਸ ਗਿਆਨ ਤੋਂ ਬਾਅਦ ਤੁਸੀਂ ਤਾਂ ਸ਼ੁੱਧਾਤਮਾ ਹੋ ਗਏ ਪਰ ਗੁਆਂਢੀ ਕੌਣ ਰਿਹਾ? ਚੰਦੂਭਾਈ (ਪਾਠਕ ਚੰਦੂਭਾਈ ਦੀ ਜਗ੍ਹਾ ਖੁਦ ਨੂੰ ਸਮਝਣ)। ਹੁਣ ਚੰਦੂਭਾਈ ਨੂੰ ਕੋਈ ਅੜਚਨ ਆਵੇ ਤਾਂ ਤੁਸੀਂ ਕਹਿਣਾ ਕਿ, 'ਚੰਦੂਭਾਈ, ਇੱਕ-ਅੱਧੀ ਵਾਰ ਇਹ ਤ੍ਰਿਮੰਤਰ ਬੋਲੋ ਨਾ, ਕੋਈ ਅੜਚਨ ਹੋਵੇਗੀ ਤਾਂ ਇਸ ਨਾਲ ਘੱਟ ਜਾਵੇਗੀ।' ਕਿਉਂਕਿ ਉਹ ਹਰ ਤਰ੍ਹਾਂ ਨਾਲ ਸੰਸਾਰ ਵਿਹਾਰ ਵਿੱਚ ਹਨ। ਉਹਨਾਂ ਨੂੰ ਲੱਛਮੀ, ਲੈਣ-ਦੇਣ ਸਭ ਕੁੱਝ ਹੈ। ਤ੍ਰਿਮੰਤਰ ਬੋਲਣ ਤੇ ਆਉਣ ਵਾਲੀਆਂ ਅੜਚਨਾਂ ਘੱਟ ਜਾਣਗੀਆਂ। ਫਿਰ ਅੜਚਨਾਂ ਆਪਣਾ ਨੈਮਿਤਿਕ ਪ੍ਰਭਾਵ ਦਿਖਾਉਣਗੀਆਂ ਪਰ ਇੰਨਾ ਵੱਡਾ ਪੱਥਰ ਲੱਗਣ ਵਾਲਾ ਹੋਵੇ ਤਾਂ ਉਹ ਛੋਟੀ ਜਿਹੀ ਰੋੜੀ ਦੇ ਸਮਾਨ ਲੱਗੇਗਾ। ਇਸ ਲਈ ਇਹ ਤ੍ਰਿਮੰਤਰ ਦਿੱਤਾ ਹੈ।

ਕੋਈ ਵਿਘਨ ਆਉਣ ਵਾਲਾ ਹੋਵੇ ਤਾਂ ਇਹ ਤ੍ਰਿਮੰਤਰ ਅੱਧਾ ਘੰਟਾ, ਇੱਕ ਘੰਟਾ ਬੋਲਣਾ। ਸਾਰਾ ਗੁਣਸਥਾਨ ਪੂਰਾ ਕਰ ਦੇਣਾ (ਇੱਕ ਗੁਣਸਥਾਨ ਅੜਤਾਲੀ ਮਿੰਟ ਦਾ ਹੁੰਦਾ ਹੈ)। ਵਰਨਾ ਰੋਜ਼ਾਨਾ ਇਹ ਪੰਜ ਵਾਰੀ ਬੋਲਣਾ। ਪਰ ਇਹ ਸਭ ਮੰਤਰ ਇਕੱਠੇ ਬੋਲਣਾ ਅਤੇ ਸੱਚਿਦਾਨੰਦ ਵੀ ਬੋਲਣਾ। ਸੱਚਿਦਾਨੰਦ ਵਿੱਚ ਸਭ ਲੋਕਾਂ ਦਾ ਮੰਤਰ ਆ ਜਾਂਦਾ ਹੈ। ਤ੍ਰਿਮੰਤਰ ਦਾ ਰਹੱਸ ਇਹ ਹੈ ਕਿ ਤੁਹਾਡੀਆਂ ਸਾਰੀਆਂ ਸੰਸਾਰਿਕ ਅੜਚਨਾਂ ਦਾ ਨਾਸ਼ ਹੋਵੇਗਾ। ਤੁਸੀਂ ਰੋਜ਼ਾਨਾ ਸਵੇਰੇ ਬੋਲੋਗੇ ਤਾਂ ਸੰਸਾਰ ਦੀਆਂ ਸਾਰੀਆਂ ਅੜਚਨਾਂ ਦਾ ਨਾਸ਼ ਹੋਵੇਗਾ। ਤੁਹਾਨੂੰ ਬੋਲਣ ਦੇ ਲਈ ਕਿਤਾਬ ਚਾਹੀਦੀ ਹੈ ਤਾਂ ਇੱਕ ਕਿਤਾਬ ਦਿੰਦਾ ਹਾਂ। ਉਸ ਵਿੱਚ ਇਹ ਤ੍ਰਿਮੰਤਰ ਲਿਖਿਆ ਹੈ। ਉਹ ਕਿਤਾਬ ਇੱਥੇ ਤੋਂ ਲੈ ਜਾਣਾ।

**ਪ੍ਰਸ਼ਨਕਰਤਾ :** ਇਹਨਾਂ ਤ੍ਰਿਮੰਤਰਾਂ ਨਾਲ ਚੱਕਰ ਤੇਜ਼ੀ ਨਾਲ ਚੱਲਣ ਲੱਗਣਗੇ?

**ਦਾਦਾਸ਼੍ਰੀ :** ਇਹਨਾਂ ਤ੍ਰਿਮੰਤਰਾਂ ਨੂੰ ਬੋਲਣ ਨਾਲ ਦੂਸਰੇ ਨਵੇਂ ਪਾਪ ਨਹੀਂ ਬੰਧਦੇ, ਇੱਧਰ-ਉੱਧਰ ਉਲਟੇ ਰਸਤੇ ਤੇ ਭਟਕ ਨਹੀਂ ਜਾਂਦੇ ਅਤੇ ਪੁਰਾਣੇ ਕਰਮ ਪੂਰੇ ਹੁੰਦੇ ਜਾਂਦੇ ਹਨ।

ਇਹ ਤ੍ਰਿਮੰਤਰ ਤਾਂ ਇਹੋ ਜਿਹਾ ਹੈ ਨਾ ਕਿ ਨਾਸਮਝ ਬੋਲੇ ਤਾਂ ਵੀ ਫ਼ਾਇਦਾ ਹੋਵੇਗਾ ਅਤੇ ਸਮਝਦਾਰ ਬੋਲੇ ਤਾਂ ਵੀ ਫ਼ਾਇਦਾ ਹੋਵੇਗਾ। ਪਰ ਸਮਝਦਾਰ ਨੂੰ ਜ਼ਿਆਦਾ ਫ਼ਾਇਦਾ ਹੋਵੇਗਾ ਅਤੇ ਨਾਸਮਝ ਨੂੰ ਮੂੰਹ ਨਾਲ ਬੋਲਿਆ ਉਨਾਂ ਹੀ ਫ਼ਾਇਦਾ ਹੋਵੇਗਾ। ਇੱਕ ਸਿਰਫ਼ ਇਹ ਟੇਪਰਿਕਾਰਡ (ਮਸ਼ੀਨ) ਬੋਲਦਾ ਹੈ ਨਾ, ਉਸਨੂੰ ਫ਼ਾਇਦਾ ਨਹੀਂ ਹੋਵੇਗਾ। ਪਰ ਜਿਸ ਵਿੱਚ ਆਤਮਾ ਹੈ, ਉਹ ਬੋਲੇਗਾ ਤਾਂ ਉਸਨੂੰ ਫ਼ਾਇਦਾ ਹੋਵੇਗਾ ਹੀ।

ਇਹ ਜਗਤ ਸ਼ਬਦ ਨਾਲ ਹੀ ਉਤਪੰਨ ਹੋਇਆ ਹੈ। ਚੰਗੇ ਵਿਅਕਤੀ ਦਾ ਸ਼ਬਦ ਬੋਲਣ ਨਾਲ ਤੁਹਾਡਾ ਕਲਿਆਣ ਹੋ ਜਾਵੇਗਾ ਅਤੇ ਮਾੜੇ ਵਿਅਕਤੀ ਦਾ ਸ਼ਬਦ ਬੋਲਣ ਤੇ ਉਲਟਾ ਹੋ ਜਾਵੇਗਾ। ਇਸ ਲਈ ਇਹ ਸਭ ਸਮਝਣਾ ਹੈ।

## ਲਕਸ਼ ਤਾਂ ਚਾਹੀਦਾ ਹੈ ਮੋਕਸ਼ ਦਾ ਹੀ

ਕੁੱਝ ਪੁੱਛਣਾ ਹੋਵੇ ਤਾਂ ਪੁੱਛਣਾ, ਹੰ। ਇੱਥੇ ਸਭ ਕੁੱਝ ਪੁੱਛ ਸਕਦੇ ਹੋ ਮੋਕਸ਼ ਵਿੱਚ ਜਾਣਾ ਹੈ ਨਾ? ਇੱਥੇ ਮੋਕਸ਼ ਵਿੱਚ ਜਾ ਸਕੀਏ ਇਹੋ ਜਿਹਾ ਸਭ ਕੁੱਝ ਪੁੱਛ ਸਕਦੇ ਹੋ, ਜੇ ਪੁੱਛਣਾ ਚਾਹੋ ਤਾਂ। ਮਨ ਦਾ ਸਮਾਧਾਨ ਹੋਵੇਗਾ, ਤਾਂ ਮੋਕਸ਼ ਵਿੱਚ ਜਾ ਸਕਾਂਗੇ ਨਾ? ਨਹੀਂ ਤਾਂ ਮੋਕਸ਼ ਵਿੱਚ ਕਿਵੇਂ ਜਾ ਸਕਾਂਗੇ? ਭਗਵਾਨ ਦੇ ਸ਼ਾਸਤਰ ਤਾਂ ਹਨ ਸਾਰੇ, ਪਰ ਸ਼ਾਸਤਰ ਸਮਝ ਵਿੱਚ ਆਉਣੇ ਚਾਹੀਦੇ ਹਨ ਨਾ? ਅਨੁਭਵੀ ਗਿਆਨੀ ਪੁਰਖ ਤੋਂ ਬਿਨਾਂ ਉਹ ਸਮਝ ਵਿੱਚ ਆਉਣਗੇ ਹੀ ਨਹੀਂ ਅਤੇ ਸਗੋਂ ਗਲਤ ਮਾਰਗ ਤੇ ਚਲਾ ਜਾਵੇਗਾ।

**ਪ੍ਰਸ਼ਨਕਰਤਾ :** ਨਵਕਾਰ ਮੰਤਰ ਦਾ ਜਾਪ ਕਿਸ ਲਕਸ਼ (ਟੀਚੇ) ਨਾਲ ਕਰਨਾ ਚਾਹੀਦਾ ਹੈ?

**ਦਾਦਾਸ਼੍ਰੀ :** ਉਹ ਤਾਂ ਕੇਵਲ ਮੋਕਸ਼ ਦੇ ਲਕਸ਼ ਨਾਲ ਹੀ ਕਰਨਾ ਚਾਹੀਦਾ ਹੈ। ਹੋਰ ਕੋਈ ਲਕਸ਼ ਨਹੀਂ ਹੋਣਾ ਚਾਹੀਦਾ। 'ਮੇਰੇ ਮੋਕਸ਼ ਦੇ ਲਈ ਕਰਦਾ ਹਾਂ' ਇਸ ਤਰ੍ਹਾਂ ਮੋਕਸ਼ ਦੇ ਹੇਤੂ ਤੇ ਲਈ ਕਰੋਗੇ ਤਾਂ ਸਭ ਪ੍ਰਾਪਤ ਹੋਵੇਗਾ ਅਤੇ ਸੁੱਖ ਦੇ ਹੇਤੂ ਨਾਲ ਕਰੋਗੇ ਤਾਂ ਸਿਰਫ਼ ਸੁੱਖ ਪ੍ਰਾਪਤ ਹੋਵੇਗਾ, ਮੋਕਸ਼ ਦੀ ਪ੍ਰਾਪਤੀ ਨਹੀਂ ਹੋਵੇਗੀ। ਨਵਕਾਰ ਮੰਤਰ ਤਾਂ ਮੱਦਦਗਾਰ ਹੈ, ਮੋਕਸ਼ ਦੇ ਲਈ। ਨਵਕਾਰ ਮੰਤਰ ਵਿਹਾਰ ਲਈ ਹੈ, ਨਿਸ਼ਚੈ ਲਈ ਨਹੀਂ ਹੈ।

ਇਹ ਨਵਕਾਰ ਮੰਤਰ ਕਿਸ ਲਈ ਭਜਣਾ ਹੈ? ਇਹ ਪੰਚ ਪਰਮੇਸ਼ਠੀ ਭਗਵੰਤ ਹੀ ਮੋਕਸ਼ ਦਾ ਸਾਧਨ ਹਨ। ਇਹ ਪੰਜੇ ਸਰਵਸਰੇਸ਼ਠ ਪਦ ਹਨ। ਇਹੀ ਆਪਣਾ ਟੀਚਾ ਰੱਖਣਾ। ਇਹਨਾਂ ਲੋਕਾਂ ਦੇ ਕੋਲ ਭਜਨਾ ਕਰਨਾ, ਇਹਨਾਂ ਲੋਕਾਂ ਦੇ ਕੋਲ ਬੈਠੇ ਰਹਿਣਾ ਅਤੇ ਮਰਨਾ ਹੋਵੇ ਤਾਂ ਵੀ ਉੱਥੇ ਹੀ ਮਰਨਾ। ਹਾਂ, ਦੂਸਰੀ ਜਗ੍ਹਾ ਤੇ ਨਾ ਮਰਨਾ। ਸਿਰ ਤੇ ਆ ਪੈਣਾਂ ਹੈ ਤਾਂ ਇਹਨਾਂ ਦੇ ਸਿਰ ਤੇ ਆ ਪੈਣਾਂ। ਅਕ੍ਰਮੀ ਦੇ ਸਿਰ ਤੇ ਪਵੇ, ਤਾਂ ਕੀ ਤੋਂ ਕੀ ਹੋ ਜਾਵੇ?

## ਮੰਤਰ ਦੇਣ ਵਾਲੇ ਦੀ ਯੋਗਤਾ

**ਪ੍ਰਸ਼ਨਕਰਤਾ :** ਅੱਜ ਦੇ ਯੁਗ ਵਿੱਚ ਮੰਤਰ ਸਾਧਨਾ ਛੇਤੀ ਫ਼ਲ ਕਿਉਂ ਨਹੀਂ ਦਿੰਦੀ? ਮੰਤਰ ਵਿੱਚ ਕਮੀ ਹੈ ਜਾਂ ਸਾਧਕ ਵਿੱਚ ਕਮੀ ਹੈ?

**ਦਾਦਾਸ਼੍ਰੀ :** ਮੰਤਰ ਵਿੱਚ ਕਮੀ ਨਹੀਂ ਹੈ ਪਰ ਮੰਤਰਾਂ ਦੀ ਵਿਵਸਥਾ ਵਿੱਚ ਕਮੀ ਹੈ। ਮੰਤਰ ਸਾਰੇ ਨਿਰਪੱਖਪਾਤੀ ਹੋਣੇ ਚਾਹੀਦੇ ਹਨ। ਪੱਖਪਾਤ ਵਾਲੇ ਮੰਤਰ ਫ਼ਲ ਨਹੀਂ ਦੇਣਗੇ। ਨਿਰਪੱਖਪਾਤੀ ਮੰਤਰ ਨਾਲ ਹੋਣੇ ਚਾਹੀਦੇ ਹਨ। ਕਿਉਂਕਿ ਮਨ ਖੁਦ ਹੀ ਨਿਰਪੱਖਤਾ ਨੂੰ ਲੱਭ ਰਿਹਾ ਹੈ। ਤਾਂ ਹੀ ਉਸਨੂੰ ਸ਼ਾਂਤੀ ਹੋਵੇਗੀ। ਭਗਵਾਨ ਨਿਰਪੱਖਪਾਤੀ ਹੁੰਦੇ ਹਨ। ਇਸ ਲਈ ਮੰਤਰ ਸਾਧਨਾ ਤਾਂ ਹੀ ਫ਼ਲ ਦੇਵੇਗੀ ਜੇ ਉਹ ਮੰਤਰ ਦੇਣ ਵਾਲਾ ਸ਼ੀਲਵਾਨ ਹੋਵੇਗਾ। ਮੰਤਰ ਦੇਣ ਵਾਲਾ ਐਸਾ-ਵੈਸਾ ਨਹੀਂ ਹੋਣਾ ਚਾਹੀਦਾ, ਲੋਕ ਪੂਜਯ ਹੋਣਾ ਚਾਹੀਦਾ ਹੈ। ਲੋਕਾਂ ਦੇ ਹਿਰਦੇ ਵਿੱਚ ਬਿਰਾਜਮਾਨ ਹੋਏ ਹੋਣੇ ਚਾਹੀਦੇ ਹਨ।

## ਤਾਂ ਮੰਤਰ ਨਾਲ ਆਤਮਸ਼ੁੱਧੀ ਸੰਭਵ ਹੈ?

**ਪ੍ਰਸ਼ਨਕਰਤਾ :** ਸੰਸਾਰ ਵਿੱਚ ਨਵਕਾਰ ਮੰਤਰ ਸਾਥ ਦਿੰਦਾ ਹੈ ਜਾਂ ਨਹੀਂ?

**ਦਾਦਾਸ਼੍ਰੀ :** ਨਵਕਾਰ ਮੰਤਰ ਸਾਥ ਦੇਵੇਗਾ ਹੀ ਨਾ! ਉਹ ਤਾਂ ਚੰਗੀ ਚੀਜ਼ ਹੈ।

**ਪ੍ਰਸ਼ਨਕਰਤਾ :** ਉਹ ਬੋਲਣ ਨਾਲ ਹੌਲੀ-ਹੌਲੀ ਕੀ ਆਤਮਾ ਦੀ ਸ਼ੁੱਧੀ ਕਰਦਾ ਹੈ?

**ਦਾਦਾਸ਼੍ਰੀ :** ਪਰ ਅਸੀਂ ਆਤਮਾ ਦੀ ਸ਼ੁੱਧੀ ਨਹੀਂ ਕਰਨੀ ਹੈ, ਕਿਉਂਕਿ ਆਤਮਾ ਸ਼ੁੱਧ ਹੀ ਹੈ। ਨਵਕਾਰ ਮੰਤਰ ਤਾਂ ਤੁਹਾਨੂੰ ਚੰਗੇ ਲੋਕਾਂ ਨੂੰ ਨਮਸਕਾਰ ਕਰਨ ਨਾਲ, ਦਰਸ਼ਨ ਕਰਨ ਨਾਲ ਉੱਪਰ ਉਠਾਉਂਦਾ ਹੈ। ਪਰ ਜੇ ਸਮਝ ਕੇ ਬੋਲੀਏ ਤਾਂ! ਸੋ: ਨਵਕਾਰ ਮੰਤਰ ਦਾ ਅਰਥ ਸਮਝਣਾ ਪਵੇਗਾ। ਇਹ ਤਾਂ ਤੋਤਾ 'ਰਾਮ ਰਾਮ' ਬੋਲੇ, ਇਸ ਨਾਲ ਕੀ ਉਹ 'ਰਾਮ' ਨੂੰ ਸਮਝ ਸਕੇਗਾ? ਕੀ ਤੋਤਾ 'ਰਾਮ ਰਾਮ' ਨਹੀਂ ਬੋਲਦਾ? ਇਸੇ ਤਰ੍ਹਾਂ ਇਹ ਲੋਕ ਨਵਕਾਰ ਮੰਤਰ ਬੋਲਦੇ ਹਨ। ਇਸਦਾ ਕੀ ਅਰਥ ਹੈ? ਨਵਕਾਰ ਮੰਤਰ ਤਾਂ ਗਿਆਨੀ ਪੁਰਖ ਤੋਂ ਸਮਝਣਾ ਚਾਹੀਦਾ ਹੈ।

## ਕਿਸ ਸਮਝ ਨਾਲ ਨਵਕਾਰ ਭਜੀਏ?

ਨਵਕਾਰ ਮੰਤਰ ਕੀ ਹੈ, ਇਸ ਨੂੰ ਸਮਝਣ ਵਾਲੇ ਕਿੰਨੇ ਹੋਣਗੇ? ਨਹੀਂ ਤਾਂ ਇਹ ਨਵਕਾਰ ਮੰਤਰ ਤਾਂ ਇਹੋ ਜਿਹਾ ਮੰਤਰ ਹੈ ਕਿ ਇੱਕ ਹੀ ਵਾਰੀ ਨਵਕਾਰ ਮੰਤਰ ਬੋਲਿਆ ਹੋਵੇ ਹੋਵੇ ਤਾਂ ਉਸਦਾ ਫ਼ਲ ਕਈ ਦਿਨਾਂ ਤੱਕ ਮਿਲਦਾ ਰਹੇ। ਅਰਥਾਤ ਜੋ ਰੱਖਿਆ ਕਰੇ, ਇਹੋ ਜਿਹਾ ਨਵਕਾਰ ਮੰਤਰ ਦਾ ਫ਼ਲ ਹੈ। ਪਰ ਕਿਸੇ ਨੇ ਇੱਕ ਵੀ ਨਵਕਾਰ ਸੱਚੇ ਰੂਪ ਵਿੱਚ ਸਮਝ ਕੇ ਨਹੀਂ ਬੋਲਿਆ। ਇਹ ਤਾਂ ਜਾਪ ਜਪਦੇ ਰਹਿੰਦੇ ਹਨ ਪਰ ਸਹੀ ਜਾਪ ਕਿਸੇ ਨੇ ਜਪਿਆ ਹੀ ਨਹੀਂ ਹੈ!

ਨਵਕਾਰ ਮੰਤਰ ਤਾਂ ਤੁਹਾਨੂੰ ਬੋਲਣਾ ਹੀ ਕਿੱਥੇ ਆਉਂਦਾ ਹੈ? ਐਵੇਂ ਹੀ ਬੋਲਦੇ ਹੋ। ਨਵਕਾਰ ਮੰਤਰ ਬੋਲਣ ਵਾਲੇ ਨੂੰ ਚਿੰਤਾ ਨਹੀਂ ਹੁੰਦੀ। ਨਵਕਾਰ ਮੰਤਰ ਇੰਨਾ ਸੋਹਣਾ ਹੈ ਕਿ ਸਿਰਫ਼ ਚਿੰਤਾ ਹੀ ਨਹੀਂ, ਪਰ ਕਲ਼ੇਸ਼ ਵੀ ਚਲਾ ਜਾਵੇ ਉਸਦੇ ਘਰ ਵਿੱਚੋਂ। ਪਰ ਬੋਲਣਾਂ ਆਉਂਦਾ ਹੀ ਨਹੀਂ ਹੈ ਨਾ! ਜੇ ਬੋਲਣਾ ਆਇਆ ਹੁੰਦਾ ਤਾਂ ਏਦਾਂ ਨਹੀਂ ਹੁੰਦਾ।

ਕਿਸੇ ਨੇ ਵੀ ਨਵਕਾਰ ਮੰਤਰ ਦੇ ਦਿੱਤਾ ਅਤੇ ਅਸੀਂ ਬੋਲਣ ਲੱਗ ਪਏ ਉਸਦਾ ਅਰਥ ਨਹੀਂ ਹੈ।

**ਪ੍ਰਸ਼ਨਕਰਤਾ :** ਉਹ ਤਾਂ ਤੁਹਾਡੇ ਕੋਲ ਤੋਂ ਲਵਾਂਗੇ।

**ਦਾਦਾਸ਼੍ਰੀ :** ਲਾਇਸੰਸ ਵਾਲੀ ਦੁਕਾਨ ਹੋਵੇ ਅਤੇ ਉੱਥੇ ਤੋਂ ਲਿਆ ਹੋਵੇ ਤਾਂ ਚੱਲੇਗਾ। ਜੇ ਬਿਨਾਂ ਲਾਇਸੰਸ ਵਾਲੇ ਤੋਂ ਲਵੋਗੇ ਤਾਂ ਕੀ ਹੋਵੇਗਾ? ਉਹ ਖੋਟਾ, ਨਕਲੀ ਮਾਲ ਦੇ ਦੇਵੇਗਾ। ਸ਼ਬਦ ਉਹੀ ਦੇ ਉਹੀ ਹੋਣਗੇ ਪਰ ਮਾਲ ਨਕਲੀ ਹੋਵੇਗਾ। ਤੁਹਾਨੂੰ ਨਕਲੀ ਮਾਲ ਪਸੰਦ ਹੈ ਜਾਂ ਅਸਲੀ ਮਾਲ ਪਸੰਦ ਹੈ?

ਨਵਕਾਰ ਮੰਤਰ ਸਮਝ ਕੇ ਬੋਲਣਾ ਚਾਹੀਦਾ ਹੈ। ਸਮਝ ਕੇ ਬੋਲਣ ਤੇ ਸਾਰੇ ਭਗਵੰਤਾਂ ਨੂੰ ਪਹੁੰਚੇਗਾ ਅਤੇ ਸਾਡਾ ਨਮਸਕਾਰ ਤੁਰੰਤ ਸਵੀਕਾਰ ਹੋ ਜਾਵੇਗਾ। ਇਸ 'ਦਾਦਾ ਭਗਵਾਨ' ਥਰੂ (ਦੁਆਰਾ) ਬੋਲੇ ਕਿ ਪਹੁੰਚ ਹੀ ਜਾਂਦਾ ਹੈ ਅਤੇ ਫ਼ਲ ਪ੍ਰਾਪਤ ਹੁੰਦਾ ਹੈ। ਇਹ ਤਾਂ ਪਹਿਲੇ ਸਾਲ ਵਪਾਰ ਕੀਤਾ ਅਤੇ ਇੰਨਾ ਫ਼ਲ ਪ੍ਰਾਪਤ ਹੋਇਆ, ਤਾਂ ਦਸ ਸਾਲ ਤੱਕ ਵਪਾਰ ਚੱਲਦਾ ਰਹੇ ਤਾਂ? ਉਹ ਦੁਕਾਨ ਕਿਸ ਤਰ੍ਹਾਂ ਜੰਮ ਜਾਵੇਗੀ?

'ਨਮੋ ਅਰਿਹੰਤਾਣਮ' ਕਹਿੰਦੇ ਹੀ ਸੀਮੰਧਰ ਸਵਾਮੀ ਨਜ਼ਰ ਆਉਣੇ ਚਾਹੀਦੇ ਹਨ। ਫਿਰ 'ਨਮੋ ਸਿੱਧਾਣਮ' ਉਹ ਨਜ਼ਰ ਨਾ ਆਵੇ ਪਰ ਲਕਸ਼ ਵਿੱਚ ਰਹਿਣਾ ਚਾਹੀਦਾ ਹੈ ਕਿ ਮੈਂ ਅਨੰਤ ਗਿਆਨ ਵਾਲਾ ਹਾਂ, ਮੈਂ ਅਨੰਤ ਦਰਸ਼ਨ ਵਾਲਾ ਹਾਂ। (ਕੇਵਲਗਿਆਨ, ਕੇਵਲ ਦਰਸ਼ਨ ਉਹੀ ਪਰਮ ਜੋਤੀਸਵਰੂਪ ਭਗਵਾਨ ਹੈ।) ਉਹ ਗੁਣ ਲਕਸ਼ ਵਿੱਚ ਹੋਣੇ ਚਾਹੀਦੇ ਹਨ। 'ਨਮੋ ਆਯਰਿਯਾਣਮ' ਉਹ ਆਚਾਰਿਆ ਭਗਵਾਨ ਜੋ ਖੁਦ ਆਚਾਰ ਦਾ ਪਾਲਣ ਕਰਨ ਅਤੇ ਦੂਸਰਿਆਂ ਤੋਂ ਪਾਲਣ ਕਰਵਾਉਣ। ਇਹ ਸਭ ਲਕਸ਼ ਵਿੱਚ ਰਹਿਣਾ ਚਾਹੀਦਾ ਹੈ।

## ਪ੍ਰਾਪਤ ਕਰਵਾਏ ਯਥਾਰਤ ਫ਼ਲ

ਇਹ ਸਾਰੇ ਨਵਕਾਰ ਮੰਤਰ ਭਜਦੇ ਹਨ, ਉਸਦਾ ਇੱਕ ਤਾਂ ਪ੍ਰਕ੍ਰਿਤਿਕ ਫ਼ਲ ਆਵੇਗਾ, ਭੌਤਿਕ ਵਿੱਚ ਸੁੰਦਰ ਫ਼ਲ ਆਵੇਗਾ। ਪਰ ਮੈਂ ਤਾਂ ਇਹਨਾਂ ਸਭ ਨੂੰ ਇਹ ਜੋ 'ਪ੍ਰਤੱਖ ਦਾਦਾ ਭਗਵਾਨ ਦੀ ਸਾਕਸ਼ੀ ਵਿੱਚ, ਵਰਤਮਾਨ ਵਿੱਚ ਮਹਾਂਵਿਦੇਹ ਖੇਤਰ ਵਿੱਚ ਵਿਚਰਦੇ...' ਬੁਲਵਾਉਂਦਾ ਹਾਂ ਨਾ, ਉਹ ਨਮਸਕਾਰ ਇਸੇ ਨਵਕਾਰ ਮੰਤਰ ਵਿੱਚੋਂ ਲਏ ਗਏ ਹਨ। ਇਹ ਜੋ ਨਮਸਕਾਰ ਬੁਲਵਾਉਂਦਾ ਹਾਂ, ਉਹ ਐਗਜ਼ੈਕਟ ਉਹਨਾਂ ਨੂੰ ਪਹੁੰਚਦੇ ਹਨ ਅਤੇ ਉਸਦਾ ਤੁਰੰਤ ਐਗਜ਼ੈਕਟ (ਯਥਾਰਤ) ਫ਼ਲ ਮਿਲਦਾ ਹੈ, ਅਤੇ ਨਵਕਾਰ ਮੰਤਰ ਦਾ ਫ਼ਲ ਤਾਂ ਜਦੋਂ ਆਵੇ ਉਦੋਂ ਸਹੀ।

ਲੱਖਾਂ ਲੋਕ ਇਹ ਨਵਕਾਰ ਮੰਤਰ ਬੋਲਦੇ ਹਨ, ਉਹ ਕਿਸ ਨੂੰ ਪਹੁੰਚਦਾ ਹੈ? ਕੁਦਰਤ ਦਾ ਨਿਯਮ ਇਸ ਤਰ੍ਹਾਂ ਹੈ ਕਿ ਜਿਸਦਾ ਹੈ ਉਸਨੂੰ ਪਹੁੰਚਦਾ ਹੈ, ਪਰ ਜੇ ਸੱਚੇ ਭਾਵ ਨਾਲ ਬੋਲੇ ਤਾਂ।

## ਉਦੋਂ ਕਿਸਦਾ ਨਿਦਿਧਿਆਸਨ ਕਰਨਾ?

**ਪ੍ਰਸ਼ਨਕਰਤਾ :** ਤ੍ਰਿਮੰਤਰ ਬੋਲਦੇ ਸਮੇਂ ਹਰੇਕ ਲਾਈਨ ਤੇ ਕਿਸਦਾ ਨਿਦਿਧਿਆਸਨ ਕਰਨਾ ਚਾਹੀਦਾ ਹੈ, ਇਹ ਵਿਸਥਾਰ ਨਾਲ ਦੱਸੋ।

**ਦਾਦਾਸ਼੍ਰੀ :** ਅਧਿਆਤਮ ਨੂੰ ਲੈ ਕੇ ਤੁਹਾਨੂੰ ਕਿਸੇ ਤੇ ਪ੍ਰੇਮ ਆਇਆ ਹੈ? ਤੁਹਾਨੂੰ ਪ੍ਰੇਮ ਦਾ ਉਛਾਲ ਆਇਆ ਹੈ ਕਿਸੇ ਤੇ? ਕਿਸਦੇ ਉੱਤੇ ਆਇਆ ਹੈ?

**ਪ੍ਰਸ਼ਨਕਰਤਾ :** ਤੁਹਾਡੇ ਪ੍ਰਤੀ, ਦਾਦਾ ਜੀ।

**ਦਾਦਾਸ਼੍ਰੀ :** ਤਾਂ ਉਸੇ ਦਾ ਧਿਆਨ ਕਰਨਾ। ਜਿਸਦੇ ਪ੍ਰਤੀ ਪ੍ਰੇਮ ਦਾ ਉਛਾਲ ਆਵੇ ਨਾ, ਉਸਦਾ ਧਿਆਨ ਕਰਨਾ।

## ਉਪਯੋਗ ਪੂਰਵਕ ਕਰਨ ਤੇ ਸੰਪੂਰਨ ਫ਼ਲ

ਲੋਕ ਤਾਂ ਨਵਕਾਰ ਮੰਤਰ ਆਪਣੀ ਭਾਸ਼ਾ ਵਿੱਚ ਲੈ ਗਏ। ਮਹਾਂਵੀਰ ਭਗਵਾਨ ਨੇ ਇਹ ਕਿਹਾ ਸੀ ਕਿ ਇਸਨੂੰ ਪ੍ਰਾਕ੍ਰਿਤ ਭਾਸ਼ਾ ਵਿੱਚ ਨਾ ਲੈ ਜਾਣਾ, ਅਰਧ ਮਾਗਧੀ ਭਾਸ਼ਾ ਵਿੱਚ ਰਹਿਣ ਦੇਣਾ। ਉਸਦਾ ਇਹਨਾਂ ਲੋਕਾਂ ਨੇ ਕੀ ਅਰਥ ਕੀਤਾ ਕਿ ਪ੍ਰਤੀਕ੍ਰਮਣ ਅਰਧ ਮਾਗਧੀ ਭਾਸ਼ਾ ਵਿੱਚ ਹੀ ਰਹਿਣ ਦਿੱਤਾ ਅਤੇ ਇਸ ਮੰਤਰ ਦੇ ਸ਼ਬਦਾਂ ਦੇ ਅਰਥ ਕੱਢਦੇ ਰਹੇ! ਪ੍ਰਤੀਕ੍ਰਮਣ ਉਸ ਵਿੱਚ ਤਾਂ 'ਕ੍ਰਮਣ' ਹੈ ਅਤੇ ਇਹ ਤਾਂ ਮੰਤਰ ਹੈ। ਜੇ ਪ੍ਰਤੀਕ੍ਰਮਣ ਸਹੀ ਤਰੀਕੇ ਨਾਲ ਨਾ ਸਮਝਿਆ ਜਾਵੇ ਤਾਂ ਉਹ (ਇੱਕ ਪਾਸੇ) ਗਾਲ਼ਾਂ ਕੱਢਦੇ ਰਹਿੰਦੇ ਹਨ ਅਤੇ (ਦੂਸਰੇ ਪਾਸੇ) ਉਸਦੇ ਪ੍ਰਤੀਕ੍ਰਮਣ ਕਰਦੇ ਰਹਿੰਦੇ ਹਨ!

ਗੱਲ ਨੂੰ ਸਮਝੇ ਨਹੀਂ ਅਤੇ ਕਿਸ-ਕਿਸ ਤਰ੍ਹਾਂ ਦੇ ਦੁਰਾਗ੍ਰਹਿ ਲੈ ਕੇ ਬੋਲਦੇ ਹਨ। ਇਹ ਤ੍ਰਿਮੰਤਰ ਹੈ, ਉਸਨੂੰ ਕਿਹੋ ਜਿਹਾ ਵੀ ਪਾਗਲ ਆਦਮੀ ਬੋਲੇਗਾ ਤਾਂ ਵੀ ਇਸਦਾ ਫ਼ਲ ਪਾਵੇਗਾ। ਫਿਰ ਵੀ ਉਸਦਾ ਅਰਥ ਸਮਝ ਕੇ ਪੜ੍ਹੇ ਤਾਂ ਚੰਗਾ ਹੈ।

ਇਹ ਨਵਕਾਰ ਮੰਤਰ ਵੀ ਭਗਵਾਨ ਦੇ ਸਮੇਂ ਤੋਂ ਹੈ ਅਤੇ ਬਿੱਲਕੁਲ ਸਹੀ ਹੈ, ਪਰ ਨਵਕਾਰ ਮੰਤਰ ਸਮਝ ਵਿੱਚ ਆਵੇ ਤਾਂ ਨਾ? ਉਸਦਾ ਅਰਥ ਸਮਝੇ ਨਹੀਂ ਅਤੇ ਗਾਉਂਦੇ ਰਹਿੰਦੇ ਹਨ। ਇਸ ਲਈ ਉਸਦਾ ਜਿਸ ਤਰ੍ਹਾਂ ਦਾ ਲਾਭ ਮਿਲਣਾ ਚਾਹੀਦਾ ਹੈ ਉਸ ਤਰ੍ਹਾਂ ਦਾ ਨਹੀਂ ਮਿਲਦਾ। ਪਰ ਫਿਰ ਵੀ ਫ਼ਿਸਲ ਨਾ ਜਾਵੇ, ਉਨਾਂ ਚੰਗਾ ਹੈ। ਵਰਨਾ ਨਵਕਾਰ ਮੰਤਰ ਤਾਂ ਉਹ ਕਹਾਉਂਦਾ ਹੈ ਕਿ ਜਿੱਥੇ ਨਵਕਾਰ ਮੰਤਰ ਹੋਵੇ ਉੱਥੇ ਚਿੰਤਾ ਕਿਉਂ ਹੋਵੇ? ਪਰ ਹੁਣ ਵਿਚਾਰਾ ਨਵਕਾਰ ਮੰਤਰ ਕੀ ਕਰੇ, ਜਦੋਂ ਅਰਾਧਕ ਹੀ ਟੇਢਾ ਹੋਵੇ!

ਕਹਾਵਤ ਹੈ ਨਾ ਕਿ 'ਮਾਲਾ ਵਿਚਾਰੀ ਕੀ ਕਰੇ, ਜਪਨੇ ਵਾਲਾ ਕਪੂਤ?' ਏਦਾਂ ਹੈ ਨਾ?

ਇਹ ਮੰਤਰ ਸਭ ਬੋਲਦੇ ਹਨ, ਉਹਨਾਂ ਵਿੱਚੋਂ ਕਿੰਨੇ ਉਪਯੋਗ ਪੂਰਵਕ ਬੋਲਦੇ ਹਨ, ਜ਼ਰਾ ਪੁੱਛ ਆਓ? ਮਾਲ਼ਾ ਫੇਰਦੇ ਹਨ, ਤਾਂ ਕਿੰਨੇ ਲੋਕ ਉਪਯੋਗ ਪੂਰਵਕ ਮਾਲ਼ਾ ਫੇਰਦੇ ਹਨ? ਤਾਂ ਫਿਰ ਜਲਦੀ ਪੂਰਾ ਕਰਨ ਦੇ ਲਈ 'ਭੱਜ ਮੋਤੀ, ਮੋਤੀ ਆਇਆ; ਭੱਜ ਮੋਤੀ, ਮੋਤੀ ਆਇਆ' ਕਰਦੇ ਹਨ। ਇਸ ਲਈ ਥੈਲੀਆਂ ਬਣਾਈਆਂ। ਖੁੱਲੇ ਆਮ ਤਾਂ ਘੋਟਾਲਾ ਨਹੀਂ ਕਰ ਸਕਦੇ ਨਾ?

ਭਗਵਾਨ ਨੇ ਕੀ ਕਿਹਾ ਹੈ ਕਿ, 'ਤੂੰ ਜੋ ਵੀ ਕਰੇਂਗਾ, ਮਾਲਾ ਫੇਰੇਂਗਾ, ਨਵਕਾਰ ਮੰਤਰ ਬੋਲੇਂਗਾ, ਉਹ ਉਪਯੋਗ ਪੂਰਵਕ ਕਰੇਂਗਾ ਤਾਂ ਉਸਦਾ ਫ਼ਲ ਪ੍ਰਾਪਤ ਹੋਵੇਗਾ। ਵਰਨਾ ਨਾਸਮਝੀ ਨਾਲ ਕਰਨ ਨਾਲ ਤਾਂ 'ਕੱਚ' ਲੈ ਕੇ ਹੀ ਘਰ ਜਾਵੇਂਗਾ ਅਤੇ ਅਸਲੀ ਹੀਰਾ ਤੇਰੇ ਹੱਥ ਨਹੀਂ ਲੱਗੇਗਾ। ਉਪਯੋਗ ਵਾਲੇ ਨੂੰ ਹੀਰਾ ਅਤੇ ਉਪਯੋਗ ਨਹੀਂ ਉਸਨੂੰ ਕੱਚ ਅਤੇ ਅੱਜ ਉਪਯੋਗ ਵਾਲੇ ਕਿੰਨੇ ਹਨ, ਉਹ ਤੁਸੀਂ ਪਤਾ ਲਗਾ ਲੈਣਾ।

## ਦ੍ਰਵਯ ਪੂਜਾ ਅਤੇ ਭਾਵ ਪੂਜਾ ਵਾਲਿਆਂ ਦੇ ਲਈ

ਇਹ ਸਾਧੂ-ਆਚਾਰਿਆ ਪੁੱਛਦੇ ਹਨ ਕਿ, ਇਹ ਨਵਕਾਰ ਮੰਤਰ ਅਤੇ ਹੋਰ ਮੰਤਰ ਇੱਕਠੇ ਬੋਲਣ ਦਾ ਕਾਰਣ ਕੀ ਹੈ? ਸਿਰਫ਼ ਨਵਕਾਰ ਬੋਲਣ ਵਿੱਚ ਕੀ ਹਰਜ਼ ਹੈ? ਮੈਂ ਕਿਹਾ, 'ਜੈਨ ਸਿਰਫ਼ ਨਵਕਾਰ ਮੰਤਰ ਨਹੀਂ ਬੋਲ ਸਕਦੇ। ਸਿਰਫ਼ ਨਵਕਾਰ ਮੰਤਰ ਕੌਣ ਬੋਲ ਸਕਦਾ ਹੈ? ਜੋ ਤਿਆਗੀ ਹੈ, ਜਿਸਨੂੰ ਸੰਸਾਰ ਤੋਂ ਕੁੱਝ ਲੈਣਾ-ਦੇਣਾ ਨਹੀਂ ਹੈ, ਲੜਕੀਆਂ ਦੀ ਸ਼ਾਦੀ ਨਹੀਂ ਕਰਨੀ ਹੈ, ਲੜਕਿਆਂ ਦੀ ਸ਼ਾਦੀ ਨਹੀਂ ਕਰਨੀ ਹੈ, ਉਹ ਨਵਕਾਰ ਇੱਕਲਾ ਬੋਲ ਸਕਦੇ ਹਨ।'

ਲੋਕ ਦੋ ਹੇਤੂਆਂ ਨਾਲ ਮੰਤਰ ਬੋਲਦੇ ਹਨ। ਜੋ ਭਾਵ ਪੂਜਾ ਵਾਲੇ ਹਨ ਉਹ ਪ੍ਰਗਤੀ ਦੇ ਲਈ ਬੋਲਦੇ ਹਨ ਅਤੇ ਦੂਸਰੇ ਇਸ ਸੰਸਾਰ ਦੀਆਂ ਜੋ ਅੜਚਨਾਂ ਹਨ ਉਹਨਾਂ ਨੂੰ ਘੱਟ ਕਰਨ ਦੇ ਲਈ ਬੋਲਦੇ ਹਨ। ਅਰਥਾਤ ਜੋ ਸੰਸਾਰਿਕ ਅੜਚਨ ਵਾਲੇ ਹਨ ਉਹਨਾਂ ਸਭ ਨੂੰ ਦੇਵਲੋਕਾਂ ਦੀ ਕਿਰਪਾ ਚਾਹੀਦੀ ਹੈ। ਇਸ ਲਈ ਜੋ ਸਿਰਫ਼ ਭਾਵ ਪੂਜਾ ਕਰਦੇ ਹੋਣ, ਦ੍ਰਵਯ ਪੂਜਾ ਨਾ ਕਰਦੇ ਹੋਣ, ਉਹ ਇਹ ਇੱਕ ਹੀ ਮੰਤਰ ਬੋਲ ਸਕਦੇ ਹਨ ਅਤੇ ਜੋ ਦ੍ਰਵਯ ਪੂਜਾ ਅਤੇ ਭਾਵ ਪੂਜਾ ਦੋਵੇਂ ਹੀ ਕਰਦੇ ਹਨ, ਉਹਨਾਂ ਨੂੰ ਸਾਰੇ ਮੰਤਰ ਇੱਕਠੇ ਬੋਲਣੇ ਚਾਹੀਦੇ ਹਨ।

ਮੂਰਤੀ ਦੇ ਭਗਵਾਨ ਦ੍ਰਵਯ ਭਗਵਾਨ ਹਨ, ਦ੍ਰਵਯ ਮਹਾਂਵੀਰ ਹਨ ਅਤੇ ਇਹ ਅੰਦਰ ਭਾਵ ਮਹਾਂਵੀਰ ਹਨ। ਉਹਨਾਂ ਨੂੰ ਤਾਂ ਅਸੀਂ ਵੀ ਨਮਸਕਾਰ ਕਰਦੇ ਹਾਂ।

## ਮਨ ਨੂੰ ਤਰ ਕਰੇ ਮੰਤਰ

ਜਦੋਂ ਤੱਕ ਮਨ ਹੈ, ਉਦੋਂ ਤੱਕ ਮੰਤਰ ਦੀ ਜ਼ਰੂਰਤ ਹੈ ਅਤੇ ਮਨ ਅੰਤ ਤੱਕ ਰਹਿਣ ਵਾਲਾ ਹੈ। ਜਦੋਂ ਤੱਕ ਸ਼ਰੀਰ ਹੈ, ਉਦੋਂ ਤੱਕ ਮਨ ਹੈ। ਮੰਤਰ ਇਟਸੈਲਫ਼ (ਖੁਦ) ਕਹਿੰਦਾ ਹੈ ਕਿ ਮਨ ਨੂੰ ਤਰ ਕਰਨਾ ਹੋਵੇ ਤਾਂ ਮੰਤਰ ਬੋਲੋ। ਮਨ ਨੂੰ ਖੁਸ਼ ਕਰਨ ਦੇ ਲਈ ਇਹ ਸੁੰਦਰ ਰਸਤਾ ਹੈ।

ਅਰਥਾਤ ਉਸਦੀ ਰਚਨਾ ਹੀ ਇੰਨੀ ਵਧੀਆ ਹੈ ਕਿ ਤੁਸੀਂ ਮੰਤਰ ਬੋਲੋ ਤਾਂ ਉਸਦਾ ਫ਼ਲ ਪ੍ਰਾਪਤ ਹੋਏ ਬਿਨਾਂ ਰਹੇਗਾ ਨਹੀਂ।

## ਤ੍ਰਿਮੰਤਰ ਦੀ ਭਜਨਾ ਕਿਤੇ ਵੀ

**ਪ੍ਰਸ਼ਨਕਰਤਾ :** ਤ੍ਰਿਮੰਤਰ ਮਾਨਸਿਕ ਤੌਰ ਤੇ ਕਿਸੇ ਵੀ ਸਮੇਂ ਅਤੇ ਕਿਸੇ ਵੀ ਜਗ੍ਹਾ ਕੀਤਾ ਜਾ ਸਕਦਾ ਹੈ ਜਾਂ ਨਹੀਂ?

**ਦਾਦਾਸ਼੍ਰੀ :** ਜ਼ਰੂਰ। ਕਿਸੇ ਵੀ ਸਮੇਂ ਕੀਤਾ ਜਾ ਸਕਦਾ ਹੈ। ਤ੍ਰਿਮੰਤਰ ਤਾਂ ਸੰਡਾਸ ਵਿੱਚ ਵੀ ਬੋਲ ਸਕਦੇ ਹਾਂ। ਪਰ ਇਸ ਤਰ੍ਹਾਂ ਕਹਿਣ ਤੇ ਲੋਕ ਦੁਰਉਪਯੋਗ ਕਰਨਗੇ ਅਤੇ ਫਿਰ ਉਹ ਸੰਡਾਸ ਵਿੱਚ ਹੀ ਕਰਦੇ ਰਹਿਣਗੇ। ਏਦਾਂ ਨਹੀਂ ਸਮਝਣਗੇ ਕਿ ਕਿਸੇ ਦਿਨ ਅੜਚਨ ਹੋਵੇ ਅਤੇ ਸਮਾਂ ਨਾ ਮਿਲਿਆ, ਤਾਂ ਸੰਡਾਸ ਵਿੱਚ ਕਰੇ ਤਾਂ ਉਹ ਗੱਲ ਅਲੱਗ ਹੈ। ਯਾਨੀ ਲੋਕ ਇਸ ਗੱਲ ਨੂੰ ਉਲਟਾ ਫੜ ਲੈਣਗੇ। ਇਸ ਲਈ ਇਹਨਾਂ ਲੋਕਾਂ ਦੇ ਲਈ ਨਿਯਮ ਰੱਖਣੇ ਪੈਂਦੇ ਹਨ, ਫਿਰ ਵੀ ਅਸੀਂ ਕੋਈ ਨਿਯਮ ਨਹੀਂ ਰੱਖਦੇ।

## ਨਵਕਾਰ ਮੰਤਰ ਦੇ ਸਿਰਜਣਹਾਰ ਕੌਣ?

**ਪ੍ਰਸ਼ਨਕਰਤਾ :** ਨਵਕਾਰ ਮੰਤਰ ਦਾ ਸਿਰਜਣਹਾਰ ਕੌਣ ਹੈ?

**ਦਾਦਾਸ਼੍ਰੀ :** ਇਹ ਕੁੱਝ ਅੱਜ ਦਾ ਪ੍ਰੋਜੈਕਟ ਨਹੀਂ ਹੈ। ਇਹ ਤਾਂ ਪਹਿਲਾਂ ਤੋਂ ਹੀ ਹੈ, ਪਰ ਹੋਰ ਰੂਪ ਵਿੱਚ ਸੀ। ਹੋਰ ਰੂਪ ਵਿੱਚ ਯਾਨੀ ਭਾਸ਼ਾ ਵਿੱਚ ਸਿਰਫ਼ ਹੋਵੇਗਾ, ਪਰ ਅਰਥ ਉਹੀ ਦਾ ਉਹੀ ਚਲਿਆ ਆ ਰਿਹਾ ਹੈ।

## ਤ੍ਰਿਮੰਤਰ ਵਿੱਚ ਕੋਈ ਮੋਨੀਟਰ ਨਹੀਂ

**ਪ੍ਰਸ਼ਨਕਰਤਾ :** ਇਹਨਾਂ ਸਭ ਮੰਤਰਾਂ ਵਿੱਚ ਕੋਈ ਪਹਿਲਾ, ਮੋਨੀਟਰ ਤਾਂ ਹੋਵੇਗਾ ਨਾ?

**ਦਾਦਾਸ਼੍ਰੀ :** ਕੋਈ ਮੋਨੀਟਰ ਨਹੀਂ ਹੈ। ਮੰਤਰਾਂ ਵਿੱਚ ਮੋਨੀਟਰ ਨਹੀਂ ਹੁੰਦੇ। ਮੋਨੀਟਰ ਤਾਂ, ਲੋਕ ਆਪਣਾ-ਆਪਣਾ ਮੋਨੀਟਰ ਅੱਗੇ ਬਣਾਉਂਦੇ ਹਨ ਕਿ ਇਹ 'ਮੇਰਾ ਮੋਨੀਟਰ'।

**ਪ੍ਰਸ਼ਨਕਰਤਾ :** ਪਰ ਮੈਂ ਸਭ ਨੂੰ ਕਹਾਂ ਕਿ 'ਤੁਸੀਂ ਮੇਰਾ ਕੰਮ ਕਰਨਾ' ਫਿਰ ਦੂਸਰੇ ਨੂੰ ਕਹਾਂ ਕਿ 'ਤੁਸੀਂ ਮੇਰਾ ਕੰਮ ਕਰਨਾ' ਤਾਂ ਮੇਰਾ ਕੰਮ ਕੌਣ ਕਰੇਗਾ?

**ਦਾਦਾਸ਼੍ਰੀ :** ਜਿੱਥੇ ਨਿਰਪੱਖਪਾਤੀ ਸੁਭਾਅ ਹੁੰਦਾ ਹੈ ਉੱਥੇ ਸਾਰੇ ਕੰਮ ਕਰਨ ਦੇ ਲਈ ਤਿਆਰ ਰਹਿੰਦੇ ਹਨ, ਸਾਰੇ ਦੇ ਸਾਰੇ! ਇੱਕ ਪੱਖ ਦਾ ਹੋਇਆ ਕਿ ਦੂਸਰੇ ਤੁਰੰਤ ਵਿਰੋਧੀ ਹੋ ਜਾਂਦੇ ਹਨ। ਪਰ ਜੇ ਨਿਰਪੱਖਤਾ ਹੋਵੇ ਤਾਂ ਸਾਰੇ ਕੰਮ ਕਰਨ ਦੇ ਲਈ ਤਿਆਰ ਹੋ ਜਾਂਦੇ ਹਨ। ਕਿਉਂਕਿ ਉਹ ਬਹੁਤ ਨੋਬਲ ਹੁੰਦੇ ਹਨ। ਇਹ ਤਾਂ ਅਸੀਂ ਆਪਣੀ ਸੰਕੁਚਿਤਤਾ (ਛੋਟੀ ਸੋਚ) ਦੀ ਵਜ੍ਹਾ ਨਾਲ ਉਹਨਾਂ ਨੂੰ ਸੰਕੁਚਿਤ ਬਣਾਉਂਦੇ ਹਾਂ। ਨਿਰਪੱਖਤਾ ਨਾਲ ਸਾਰੇ ਕੰਮ ਹੁੰਦੇ ਹਨ। ਇੱਥੇ ਕਦੇ ਪਰੇਸ਼ਾਨੀ ਨਹੀਂ ਆਈ। ਸਾਡੇ ਇੱਥੇ ਚਾਲੀ ਹਜ਼ਾਰ ਲੋਕ ਇਹ ਤ੍ਰਿਮੰਤਰ ਬੋਲਦੇ ਹਨ, ਕਿਸੇ ਨੂੰ ਕੋਈ ਪਰੇਸ਼ਾਨੀ ਨਹੀਂ ਆਈ। ਜ਼ਰਾ ਵੀ ਪਰੇਸ਼ਾਨੀ ਨਹੀਂ ਆਉਂਦੀ।

## ਕੰਮ ਕਰੇ ਇਹੋ ਜਿਹੀ ਦਵਾਈ ਇਹ

**ਪ੍ਰਸ਼ਨਕਰਤਾ :** ਤਿੰਨੇ ਮੰਤਰ ਇੱਕਠੇ ਬੋਲੇ ਤਾਂ ਚੰਗਾ ਹੈ। ਉਹ ਧਰਮ ਦੇ ਸਮਭਾਵ ਅਤੇ ਸਦਭਾਵ ਦੇ ਲਈ ਚੰਗੀ ਗੱਲ ਹੈ।

**ਦਾਦਾਸ਼੍ਰੀ :** ਉਸ ਵਿੱਚ ਦਵਾਈ ਨਿਹਿਤ (ਸ਼ਾਮਿਲ) ਹੁੰਦੀ ਹੈ, ਕੰਮ ਕਰੇ ਇਹੋ ਜਿਹੀ।

ਜਿਨ੍ਹਾਂ ਨੂੰ ਲੜਕੀਆਂ ਦੀ ਸ਼ਾਦੀ ਕਰਨੀ ਹੈ, ਲੜਕਿਆਂ ਦੀ ਸ਼ਾਦੀ ਕਰਨੀ ਹੈ, ਸੰਸਾਰਿਕ ਜ਼ਿੰਮੇਦਾਰੀ ਅਤੇ ਫ਼ਰਜ਼ ਅਦਾ ਕਰਨੇ ਹਨ, ਉਹਨਾਂ ਨੂੰ ਸਭ ਮੰਤਰ ਬੋਲਣੇ ਪੈਣਗੇ। ਓਏ, ਨਿਰਪੱਖਪਾਤੀ ਮੰਤਰ ਬੋਲ ਨਾ! ਕਿੱਥੇ ਪੱਖਪਾਤ ਵਿੱਚ ਪਿਆ ਹੈਂ?

ਇਹ ਨਵਕਾਰ ਮੰਤਰ ਕੀ ਕਿਸੇ ਦੀ ਮਾਲਕੀ ਭਾਵ ਵਾਲਾ ਹੈ? ਇਹ ਤਾਂ ਜੋ ਨਵਕਾਰ ਮੰਤਰ ਭਜੇਗਾ ਉਸੇ ਦਾ ਹੈ। ਜੋ ਮਨੁੱਖ ਪੁਨਰ ਜਨਮ ਸਮਝਣ ਲੱਗਾ ਹੈ ਉਸਦੇ ਲਈ ਕੰਮ ਦਾ ਹੈ। ਜੋ ਪੁਨਰ ਜਨਮ ਨਹੀਂ ਸਮਝਦੇ, ਇਹੋ ਜਿਹੇ ਲੋਕਾਂ ਦੇ ਲਈ ਇਹ ਕਿਸੇ ਕੰਮ ਦਾ ਨਹੀਂ ਹੈ। ਹਿੰਦੁਸਤਾਨ ਦੇ ਲੋਕਾਂ ਦੇ ਲਈ ਇਹ ਗੱਲ ਕੰਮ ਦੀ ਹੈ।

## ਸਾਰੇ ਮੰਤਰ ਕ੍ਰਮਿਕ ਵਿੱਚ ਹਨ

**ਪ੍ਰਸ਼ਨਕਰਤਾ :** ਜੋ ਨਵਕਾਰ ਮੰਤਰ ਹੈ, ਉਹ ਕ੍ਰਮਿਕ ਦਾ ਮੰਤਰ ਹੈ ਨਾ?

**ਦਾਦਾਸ਼੍ਰੀ :** ਹਾਂ, ਸਾਰੇ ਕ੍ਰਮਿਕ ਹਨ।

**ਪ੍ਰਸ਼ਨਕਰਤਾ :** ਤਾਂ ਫਿਰ ਇੱਥੇ ਅਕ੍ਰਮ ਮਾਰਗ ਵਿੱਚ ਉਸਨੂੰ ਇੰਨਾ ਸਥਾਨ ਕਿਉਂ ਦਿੱਤਾ ਗਿਆ ਹੈ?

**ਦਾਦਾਸ਼੍ਰੀ :** ਉਸਦਾ ਸਥਾਨ ਤਾਂ ਵਿਵਹਾਰਿਕ ਤਰੀਕੇ ਨਾਲ ਹੈ। ਹੁਣ ਤੁਸੀਂ ਵਿਹਾਰ ਵਿੱਚ ਜਿਉਂਦੇ ਹੋ ਨਾ? ਅਤੇ ਵਿਹਾਰ ਸ਼ੁੱਧ ਕਰਨਾ ਹੈ ਨਾ? ਤਾਂ ਇਹ ਮੰਤਰ ਤੁਹਾਨੂੰ ਵਿਹਾਰ ਵਿੱਚ ਅੜਚਨ ਨਹੀਂ ਆਉਣ ਦੇਵੇਗਾ। ਜੇ ਤੁਹਾਨੂੰ ਵਿਹਾਰਿਕ ਅੜਚਨਾਂ ਆਉਂਦੀਆਂ ਹੋਣ ਤਾਂ ਇਹਨਾਂ ਮੰਤਰਾਂ ਨਾਲ ਘਟ ਜਾਣਗੀਆਂ।

ਇਸ ਲਈ ਤੁਹਾਨੂੰ ਇਸ ਤ੍ਰਿਮੰਤਰ ਦਾ ਰਹੱਸ ਸਮਝਾਇਆ। ਇਸ ਤੋਂ ਅੱਗੇ ਵਿਸ਼ੇਸ਼ ਕੁੱਝ ਜਾਣਨ ਦੀ ਜ਼ਰੂਰਤ ਨਹੀਂ ਰਹਿੰਦੀ?!

–ਜੈ ਸੱਚਿਦਾਨੰਦ

# ਸ਼ੁੱਧਾਤਮਾ ਦੇ ਪ੍ਰਤੀ ਪ੍ਰਾਰਥਨਾ

(ਹਰ ਰੋਜ਼ ਇੱਕ ਬਾਰ ਬੋਲਣਾ)

ਹੇ ਅੰਤਰਯਾਮੀ ਪ੍ਰਮਾਤਮਾ! ਤੁਸੀਂ ਹਰ ਜੀਵਮਾਤਰ ਵਿੱਚ ਬਿਰਾਜਮਾਨ ਹੋ, ਉਸੇ ਤਰ੍ਹਾਂ ਮੇਰੇ ਵਿੱਚ ਵੀ ਬਿਰਾਜਮਾਨ ਹੋ। ਤੁਹਾਡਾ ਸਵਰੂਪ ਹੀ ਮੇਰਾ ਸਵਰੂਪ ਹੈ। ਮੇਰਾ ਸਵਰੂਪ ਸ਼ੁੱਧਾਤਮਾ ਹੈ।

ਹੇ ਸ਼ੁੱਧਾਤਮਾ ਭਗਵਾਨ! ਮੈਂ ਤੁਹਾਨੂੰ ਅਭੇਦਭਾਵ ਨਾਲ ਅਤਿਅੰਤ ਭਗਤੀ ਪੂਰਵਕ ਨਮਸਕਾਰ ਕਰਦਾ ਹਾਂ।

ਅਗਿਆਨਤਾ ਵਸ਼ ਮੈਂ ਜੋ ਜੋ ** ਦੋਸ਼ ਕੀਤੇ ਹਨ, ਉਹਨਾਂ ਸਾਰੇ ਦੋਸ਼ਾਂ ਨੂੰ ਤੁਹਾਡੇ ਸਾਹਮਣੇ ਜ਼ਾਹਿਰ ਕਰਦਾ ਹਾਂ। ਉਹਨਾਂ ਦਾ ਹਿਰਦੇ ਪੂਰਵਕ (ਦਿਲ ਤੋਂ) ਬਹੁਤ ਪਛਤਾਵਾ ਕਰਦਾ ਹਾਂ ਅਤੇ ਤੁਹਾਡੇ ਤੋਂ ਮਾਫ਼ੀ ਮੰਗਦਾ ਹਾਂ। ਹੇ ਪ੍ਰਭੂ! ਮੈਨੂੰ ਮਾਫ਼ ਕਰੋ, ਮਾਫ਼ ਕਰੋ, ਮਾਫ਼ ਕਰੋ ਅਤੇ ਫਿਰ ਤੋਂ ਇਹੋ ਜਿਹੇ ਦੋਸ਼ ਨਾ ਕਰਾਂ, ਇਹੋ ਜਿਹੀ ਤੁਸੀਂ ਮੈਨੂੰ ਸ਼ਕਤੀ ਦੇਵੋ, ਸ਼ਕਤੀ ਦੇਵੋ, ਸ਼ਕਤੀ ਦੇਵੋ।

ਹੇ ਸ਼ੁੱਧਾਤਮਾ ਭਗਵਾਨ! ਤੁਸੀਂ ਇਹੋ ਜਿਹੀ ਕ੍ਰਿਪਾ ਕਰੋ ਕਿ ਸਾਡੇ ਭੇਦਭਾਵ ਛੁੱਟ ਜਾਣ ਅਤੇ ਅਭੇਦ ਸਵਰੂਪ ਪ੍ਰਾਪਤ ਹੋਵੇ। ਅਸੀਂ ਤੁਹਾਡੇ ਵਿੱਚ ਅਭੇਦ ਸਵਰੂਪ ਨਾਲ ਤੰਨਮੈਕਾਰ (ਲੀਨ) ਰਹੀਏ।

** ਜੋ ਜੋ ਦੋਸ਼ ਹੋਏ ਹੋਣ, ਉਹਨਾਂ ਨੂੰ ਮਨ ਵਿੱਚ ਜ਼ਾਹਿਰ ਕਰੋ।

◆ ◆ ◆ ◆ ◆ ◆ ◆

# ਪ੍ਰਤੀਕ੍ਰਮਣ ਵਿਧੀ

ਪ੍ਰਤੱਖ ਦਾਦਾ ਭਗਵਾਨ ਦੀ ਸਾਕਸ਼ੀ ਵਿੱਚ, ਦੇਹਧਾਰੀ (ਜਿਸਦੇ ਪ੍ਰਤੀ ਦੋਸ਼ ਹੋਇਆ ਹੋਵੇ, ਉਸ ਵਿਅਕਤੀ ਦਾ ਨਾਮ) ਦੇ ਮਨ-ਵਚਨ-ਕਾਇਆ ਦੇ ਯੋਗ, ਭਾਵਕਰਮ-ਦ੍ਰਵਯਕਰਮ-ਨੋਕਰਮ ਤੋਂ ਭਿੰਨ ਐਸੇ ਹੇ ਸ਼ੁੱਧਾਤਮਾ ਭਗਵਾਨ! ਤੁਹਾਡੀ ਸਾਕਸ਼ੀ ਵਿੱਚ, ਅੱਜ ਦਿਨ ਭਰ ਵਿੱਚ ਮੇਰੇ ਤੋਂ ਜੋ ਜੋ * * ਦੋਸ਼ ਹੋਏ ਹਨ, ਉਸਦੇ ਲਈ ਮਾਫ਼ੀ ਮੰਗਦਾ ਹਾਂ। ਹਿਰਦੇ ਤੋਂ ਬਹੁਤ ਪਛਚਾਤਾਪ ਕਰਦਾ ਹਾਂ। ਮੈਨੂੰ ਮਾਫ਼ ਕਰੋ। ਅਤੇ ਫਿਰ ਤੋਂ ਇਹੋ ਜਿਹੇ ਦੋਸ਼ ਕਦੇ ਵੀ ਨਹੀਂ ਕਰਾਂਗਾ, ਇਹ ਦ੍ਰਿੜ ਨਿਸ਼ਚੇ ਕਰਦਾ ਹਾਂ। ਉਸਦੇ ਲਈ ਮੈਨੂੰ ਪਰਮ ਸ਼ਕਤੀ ਦਿਓ।

*** ਕ੍ਰੋਧ-ਮਾਨ-ਮਾਇਆ-ਲੋਭ, ਵਿਸ਼ੈ-ਵਿਕਾਰ, ਕਸ਼ਾਏ ਆਦਿ ਨਾਲ ਕਿਸੇ ਨੂੰ ਵੀ ਦੁੱਖ ਪਹੁੰਚਾਇਆ ਹੋਵੇ, ਉਹਨਾਂ ਦੋਸ਼ਾਂ ਨੂੰ ਮਨ ਵਿੱਚ ਯਾਦ ਕਰਨਾ।

◆ ◆ ◆ ◆ ◆ ◆ ◆

# ਦਾਦਾ ਭਵਗਾਨ ਫ਼ਾਂਊਡੇਸ਼ਨ ਦੁਆਰਾ ਪ੍ਰਕਾਸ਼ਿਤ ਗ੍ਰੰਥ

## ਹਿੰਦੀ

1. ਗਿਆਨੀ ਪੁਰਖ ਦੀ ਪਹਿਚਾਣ
2. ਸਰਵ ਦੁੱਖਾਂ ਤੋਂ ਮੁਕਤੀ
3. ਕਰਮ ਦਾ ਵਿਗਿਆਨ
4. ਆਤਮ ਬੋਧ
5. ਮੈਂ ਕੌਣ ਹਾਂ?
6. ਵਰਤਮਾਨ ਤੀਰਥੰਕਰ ਸ਼੍ਰੀ ਸੀਮੰਧਰ ਸਵਾਮੀ
7. ਭੁਗਤੇ ਉਸੇ ਦੀ ਭੁੱਲ
8. ਐਡਜਸਟ ਐਵਰੀਵੇਅਰ
9. ਟਕਰਾਵ ਟਾਲ਼ੋ
10. ਹੋਇਆ ਸੋ ਨਿਆ
11. ਚਿੰਤਾ
12. ਕਰੋਧ
13. ਪ੍ਰਤੀਕ੍ਰਮਣ
14. ਦਾਦਾ ਭਗਵਾਨ ਕੌਣ?
15. ਪੈਸਿਆ ਦਾ ਵਿਹਾਰ
16. ਅੰਤ:ਕਰਣ ਦਾ ਸਵਰੂਪ
17. ਜਗਤ ਕਰਤਾ ਕੌਣ?
18. ਤ੍ਰਿਮੰਤਰ
19. ਭਾਵਨਾ ਨਾਲ ਸੁਧਰੇ ਜਨਮੋਂ-ਜਨਮ
20. ਮਾਤਾ ਪਿਤਾ ਅਤੇ ਬੱਚਿਆਂ ਦਾ ਵਿਹਾਰ
21. ਸਮਝ ਨਾਲ ਪ੍ਰਾਪਤ ਬ੍ਰਹਮਚਰਿਆ
22. ਦਾਨ
23. ਮਾਨਵ ਧਰਮ
24. ਸੇਵਾ-ਪਰਉਪਕਾਰ
25. ਮੌਤ ਸਮੇ, ਪਹਿਲਾਂ ਅਤੇ ਬਾਅਦ
26. ਪ੍ਰੇਮ
27. ਨਿਜਦੋਸ਼ ਦਰਸ਼ਨ ਨਾ਼ਲ... ਨਿਰਦੋਸ਼
28. ਪਤੀ-ਪਤਨੀ ਦਾ ਅਲੌਕਿਕ ਵਿਹਾਰ
29. ਕਲ਼ੇਸ਼ ਰਹਿਤ ਜੀਵਨ
30. ਗੁਰੂ-ਸ਼ਿਸ਼ਯ
31. ਅਹਿੰਸਾ
32. ਸੱਚ-ਝੂਠ ਦੇ ਰਹੱਸ
33. ਚਮਤਕਾਰ
34. ਪਾਪ-ਪੁੰਨ
35. ਵਾਣੀ, ਵਿਹਾਰ ਵਿੱਚ...
36. ਕਰਮ ਦਾ ਵਿਗਿਆਨ
37. ਆਪਤਬਾਣੀ-1, 2, 3, 4, 5, 6, 7, 8, 9
38. ਆਪਤਬਾਣੀ-13, 14(ਭਾਗ-1)

## ਪੰਜਾਬੀ

1. ਐਡਜਸਟ ਐਵਰੀਵੇਅਰ
2. ਹੋਇਆ ਸੋ ਨਿਆਂ
3. ਚਿੰਤਾ
4. ਭੁਗਤੇ ਉਸੇ ਦੀ ਭੁੱਲ
5. ਅੰਤ:ਕਰਣ ਦਾ ਸਵਰੂਪ
6. ਕਰਮ ਦਾ ਸਿਧਾਂਤ
7. ਪ੍ਰਤੀਕ੍ਰਮਣ
8. ਸੇਵਾ-ਪਰ-ਉਪਕਾਰ

* ਦਾਦਾ ਭਗਵਾਨ ਫ਼ਾਉਂਡੇਸ਼ਨ ਦੁਆਰਾ ਗੁਜਰਾਤੀ ਭਾਸ਼ਾ ਵਿੱਚ ਬਹੁਤ ਸਾਰੀਆਂ ਪੁਸਤਕਾਂ ਪ੍ਰਕਾਸ਼ਿਤ ਹੋਈਆ ਹਨ। ਵੈਬਸਾਈਟ www.dadabhagwan.org ਤੋ ਵੀ ਤੁਸੀਂ ਇਹ ਸਭ ਪੁਸਤਕਾਂ ਪ੍ਰਾਪਤ ਕਰ ਸਕਦੇ ਹੋ।

* ਦਾਦਾ ਭਗਵਾਨ ਫ਼ਾਉਂਡੇਸ਼ਨ ਦੁਆਰਾ ਹਰ ਮਹੀਨੇ ਹਿੰਦੀ, ਗੁਜਰਾਤੀ ਅਤੇ ਅੰਗਰੇਜੀ ਭਾਸ਼ਾ ਵਿੱਚ ਦਾਦਾਬਾਣੀ ਮੈਗਜ਼ੀਨ ਪ੍ਰਕਾਸ਼ਿਤ ਹੁੰਦੀ ਹੈ।

# ਪ੍ਰਾਪਤੀ ਸਥਾਨ

## ਦਾਦਾ ਭਗਵਾਨ ਪਰਿਵਾਰ

| | | |
|---|---|---|
| ਅਡਾਲਜ | : | ਤ੍ਰਿਮੰਦਰ ਸੰਕੁਲ, ਸੀਮੰਧਰ ਸਿਟੀ, ਅਹਿਮਦਾਬਾਦ-ਕਲੋਲ ਹਾਈਵੇ, ਪੋਸਟ: ਅਡਾਲਜ, ਜਿਲ੍ਹਾ ਗਾਂਧੀਨਗਰ, ਗੁਜਰਾਤ - 382421 ਫੋਨ: (079) 39830100, E-mail: info@dadabhagwan.org |
| ਅਹਿਮਦਾਬਾਦ | : | ਦਾਦਾ ਦਰਸ਼ਨ, 5 ਮਮਤਾ ਪਾਰਕ ਸੁਸਾਇਟੀ, ਨਵਗੁਜਰਾਤ ਕਾਲੇਜ਼ ਦੇ ਪਿੱਛੇ ਉਸਮਾਨਪੁਰਾ, ਅਹਿਮਦਾਬਾਦ - 380014. ਫੋਨ : (079) 27540408 |
| ਰਾਜਕੋਟ | | ਤ੍ਰਿਮੰਦਰ, ਅਹਿਮਦਾਬਾਦ-ਰਾਜਕੋਟ ਹਾਈਵੇ, ਤਰਘੜੀਆ ਚੌਂਕੜੀ (ਸਰਕਲ), ਪੋਸਟ : ਮਲਿਆਸਣ, ਜਿਲ੍ਹਾ ਰਾਜਕੋਟ। ਫੋਨ: 9274111393 |
| ਭੁੱਜ | : | ਤ੍ਰਿਮੰਦਰ, ਹਿੱਲ ਗਾਰਡਨ ਦੇ ਪਿੱਛੇ, ਏਅਰਪੋਰਟ ਰੋਡ। ਫੋਨ: (02832) 290123 |
| ਗੋਧਰਾ | : | ਤ੍ਰਿਮੰਦਰ, ਭਾਮੀਆਂ ਪਿੰਡ, ਐਫ.ਸੀ.ਆਈ ਗੋਦਾਮ ਦੇ ਸਾਹਮਣੇ, ਗੋਧਰਾ, ਜਿਲ੍ਹਾ ਪੰਚਮਹਿਲ। ਫੋਨ: (02672) 262300 |
| ਬੜੋਦਰਾ | : | ਦਾਦਾ ਮੰਦਰ, 18, ਮਾਮਾ ਦੀ ਪੋਲ ਮੁਹੱਲਾ, ਰਾਵਪੁਰਾ ਪੁਲੀਸ ਸਟੇਸ਼ਨ ਦੇ ਸਾਹਮਣੇ, ਸਲਾਟਵਾੜਾ, ਬੜੋਦਰਾ। ਫੋਨ: (0265) 2414142 |

| | | | |
|---|---|---|---|
| ਮੁੰਬਈ | 9323528901 | ਦਿੱਲੀ | 9310022350 |
| ਕਲਕੱਤਾ | 033-32933885 | ਚੇਨੰਈ | 9380159957 |
| ਜੈਪੁਰ | 9351408285 | ਭੋਪਾਲ | 9425024405 |
| ਇੰਦੌਰ | 9893545351 | ਜਬਲਪੁਰ | 9425160428 |
| ਰਾਏਪੁਰ | 9425245616 | ਭਿਲਾਈ | 9827481336 |
| ਪਟਨਾ | 9431015601 | ਅਮਰਾਵਤੀ | 9823127601 |
| ਬੈਂਗਲੂਰ | 9590979099 | ਹੈਦਰਾਬਾਦ | 9989877786 |
| ਪੂਨਾ | 9860797920 | ਜਲੰਧਰ | 9814063043 |

U.S.A. : Dada Bhagwan Vignan Institute:
100, SW Redbud Lane, Topeka, Kansas 66606
Tel.: +1877-505 (DADA)3232,
Email: info@us.dadabhagwan.org

| | | | | | |
|---|---|---|---|---|---|
| U.K. | : | +44 (0) 330 111 DADA 3232 | UAE | : | +971 557316937 |
| Kenya | : | +254 722 722 063 | Singapore | : | +65 81129229 |
| Australia | : | +61 421127947 | NZ | : | +64 21 0376434 |

**Website : www.dadabhagwan.org**

# ਤ੍ਰਿਮੰਤਰ

ਨਮੋ ਅਰਿਹੰਤਾਣਮ

ਨਮੋ ਸਿੱਧਾਣਮ

ਨਮੋ ਆਯਰਿਯਾਣਮ

ਨਮੋ ਉਵਝਾਯਾਣਮ

ਨਮੋ ਲੋਏ ਸਵ੍ਵ ਸਾਹੂੰਣਮ

ਐਸੋ ਪੰਚ ਨਮੁਕਾਰੋ,

ਸਵ੍ਵ ਪਾਵਪਣਾਸਣੋ

ਮੰਗਲਾਣਮ 'ਚ ਸਵ੍ਵੇਸਿਮ,

ਪੜ੍ਹਮੰ ਹਵਈ ਮੰਗਲਮ!! (1)

ੴ ਨਮੋ ਭਗਵਤੇ ਵਾਸੁਦੇਵਾਯ!! (2)

ੴ ਨਮ: ਸ਼ਿਵਾਯ!! (3)

ਜੈ ਸੱਚਿਦਾਨੰਦ

dadabhagwan.org

9 789387 551602

Printed in India

Price ₹ 25